ੴ


ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਖਾਲਸਾ ਜੀ ਦਾ ਜਨਮ-ਅਸਥਾਨ

## ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ



April 1986 ਅਪ੍ਰੈਲ ੧੯੮੬

www.AKJ.Org

# ਤ ਤ ਕ ਰਾ


| | | |
|---|---|---|
| ਧਰਮ ਚਲਾਵਨ ਦੁਸਟ ਉਬਾਰਨ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਖਾਲਸਾ | ੪ | ,, ,, ,, |
| ਦਸਮੇਸ਼ ਜੀ ਦੀ ਯੁੱਧ-ਨੀਤੀ | ੮ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਹਿੰਦੁਸਤਾਨ ਦੀ ਇੱਜ਼ਤ ਆਬਰੂ ਦਾ ਜ਼ਾਮਨ—ਖਾਲਸਾ | ੧੧ | ਪਾਂਧੀ ਜੀ ਨਨਕਾਣਵੀ |
| ਸਕਤਾ ਸੀਹੁ ਮਾਰੇ ਪੈ ਵਗੈ | ੧੪ | ਪ੍ਰਿੰਸੀਪਲ ਸੁਜਾਨ ਸਿੰਘ ਜੀ |
| ਖਾਲਸਾ ਸੋ ਜੋ...... | ੨੧ | ਭਾ: ਸਾ: ਭਾਈ ਵੀਰ ਸਿੰਘ ਜੀ |
| ਵਿਸਾਖੀ ਦਾ ਸੰਦੇਸ਼, ਖਾਲਸਾ ਹੈ ਰੂਪ ਖ਼ਾਲਸ (ਕਵਿਤਾਵਾਂ) | ੨੨ | ਆਜਿਜ਼ ਤੇ ਮਿੱਤਰ ਜੀ |
| ਸਿੱਖੀ ਦਾ ਸ਼ਿੰਗਾਰ—ਕੇਸ | ੨੩ | ਭਾਈ ਰਣਵੀਰ ਸਿੰਘ ਖਾਲਸਾ |
| ਵਿਚਿ ਦੁਨੀਆ ਸੇਵ ਕਮਾਈਐ | ੨੪ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸਤਿਗੁਰ ਤੇ ਜੋ ਮੁਹ ਫੇਰੇ | ੨੯ | ਜਥੇਦਾਰ ਅਖੰਡ ਕੀਰਤਨੀ ਜਥਾ |
| ਖਾਲਸਾ ਜੀ ਦੀ ਸਿਰਜਣਾ ਦਾ ਉਦੇਸ਼ | ੩੦ | 'ਸੂਰਾ' ਪਰਵਾਰ |
| ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ (੨) | ੩੧ | ਕੈਪਟਿਨ ਸਵਰਨ ਸਿੰਘ ਜੀ |
| ਕੀ ਇਹ ਜ਼ਖਮਾਂ ਤੇ ਮਲ੍ਹਮ ਲਗ ਰਹੀ ਹੈ ? | ੩੬ | ਸ: ਸੁਰਜੀਤ ਸਿੰਘ ਬਰਨਾਲਾ |
| ਖਰੀਆਂ ਖਰੀਆਂ | ੪੧ | ਸੰਪਾਦਕੀ ਲੇਖ, ਅਜੀਤ |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਜੀ ਗੁਰਿਆਈ | ੭ ਅਪ੍ਰੈਲ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੧੦ ਅਪ੍ਰੈਲ |
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ | ੧੩ ਅਪ੍ਰੈਲ | ਸ੍ਰੀ ਗੁਰੂ ਹਰਿ ਗੋਬਿੰਦ ਜੀ ਜੋਤੀ ਜੋਤਿ | ੧੪ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ | ੨੨ ਅਪ੍ਰੈਲ | ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ ਜੋਤਿ | ੨੨ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ | ੨੮ ਅਪ੍ਰੈਲ | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੩੦ ਅਪ੍ਰੈਲ |

**ਸ਼ਹੀਦਾਂ ਦੀ ਯਾਦ ਵਿਚ ਗੁ: ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ੧੯ ਅਪ੍ਰੈਲ ਨੂੰ ਰੈਣ ਸਬਾਈ ਕੀਰਤਨ**

**ਭਾ: ਸਾਧੂ ਸਿੰਘ ਅੰਮ੍ਰਿਤਬਜ਼ਾਰ ਕਪੂਰਥਲਾ ਦੇ ਗ੍ਰਹਿ ਚਿ ੪ ਮਈ ਨੂੰ ਭੋਗ ਸ੍ਰੀ ਅਖੰਡਪਾਠ ਤੇ ਕੀਰਤਨ**

## ਵਾਹ ! ਭਾਈ ਹਰਨਾਮ ਸਿੰਘ ਜੀ ਕੋਮਲ !'

ਜਥੇ ਦੇ ਸਿੰਘਾਂ ਵਿਚੋਂ ਭਲਾ ਕੋਮਲ ਜੀ ਨੂੰ ਕੌਣ ਨਹੀਂ ਸੀ ਜਾਣਦਾ, ਭਾਵੇਂ ਆਪ ਜੀ ਦੇ ਪੂਰੇ ਨਾਂ ਤੋਂ ਵਿਰਲੇ ਹੀ ਜਾਣੂ ਹੋਣਗੇ। ਆਪ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਅਤੇ ਬਾਉ ਮਲ ਸਿੰਘ ਜੀ ਦੇ ਨਿਕਟਵਰਤੀ ਸੰਗੀਆਂ-ਸਾਥੀਆਂ ਵਿਚੋਂ ਸਨ। ਆਪ ਦੇ ਜੀਵਨ-ਬ੍ਰਿਤਾਂਤ ਫਿਰ ਕਿਸੇ ਅੰਕ ਵਿਚ ਦਿਤੇ ਜਾਣਗੇ।

ਆਪ ਜੀ ਸੋਹਣੀ ਤੇ ਸੁਚੱਜੀ ਜ਼ਿੰਦਗੀ ਬਿਤਾ ਕੇ ਮਿਤੀ ੬ ਮਾਰਚ ੧੯੮੯ ਵੀਰਵਾਰ ਨੂੰ ਸਵੇਰੇ ਸੁਖੈਨ ਹੀ ਬਾਣੀ ਦੇ ਵਗਦੇ ਪਰਵਾਹ ਵਿਚ ਆਪਣੇ ਘਰ ੧੨੩ ਨੀਊ ਮਾਡਲ ਟਾਊਨ, ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ। ਆਪ ਨੇ ਸਾਰੀ ਜ਼ਿੰਦਗੀ ਬੜੇ ਉਤਸ਼ਾਹੀ ਰੰਗਾਂ ਵਿਚ ਬਿਤਾਈ। ਇਉਂ ਪ੍ਰਤੀਤ ਹੁੰਦਾ ਹੈ ਕਿ ਦਰਗਾਹੀ ਸੱਦੇ ਦੀ ਉਨ੍ਹਾਂ ਨੂੰ ਪਹਿਲੋਂ ਹੀ ਸੋਝੀ ਹੋ ਗਈ ਸੀ ਅਤੇ ਇਸੇ ਕਰਕੇ ਆਪ ਕਝ ਸਮੇਂ ਤੋਂ ਸਮਾਗਮਾਂ ਦੇ ਲੰਗਰਾਂ ਵਿਚ ਜਾ ਕੇ ਸਰਬ ਲੋਹ ਦੇ ਜੂਠੇ ਬਰਤਨ ਸਾਫ਼ ਕਰਨ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਨਹੀਂ ਤਾਂ ਇਸ ਤੋਂ ਪਹਿਲੇ ਆਪ ਜੀ ਕੀਰਤਨ-ਸਮਾਗਮਾਂ ਵਿਚ ਸਭ ਤੋਂ ਮੂਹਰੇ ਬੈਠ ਕੇ ਉਚੀ ਉਚੀ ਗਜਿਆ ਕਰਦੇ ਸਨ ਅਤੇ ਆਸੇ ਪਾਸੇ ਬੈਠਿਆਂ ਨੂੰ ਨਾਮ-ਅਭਿਆਸੀ ਉਤਸ਼ਾਹ ਦੇਂਦੇ ਰਹਿੰਦੇ ਸਨ। ਆਪ ਜੀ ਨੇ ਬੀਤੇ ਪੋਹ ਸੁਦੀ ਸਪਤਮੀ ਸਮਾਗਮ ਤੇ ਆਪਣੇ ਛੋਟੇ ਵੀਰ ਪੂਰਨ ਜੀ ਨੂੰ ਦਸਿਆ ਕਿ ਮੇਰਾ ਹੁਣ ਬਹੁਤਾ ਸਮਾਂ ਨਹੀਂ ਹੈ ਤੇ ਮੇਰੀ ਹੁਣ ਤਿਆਰੀ ਹੈ। ਪਰ ਕਿਸੇ ਨੇ ਇਹ ਗੱਲ ਗੌਲੀ ਹੀ ਨਾ ਅਤੇ ਓਦੋਂ ਹੀ ਪਤਾ ਲਗਾ ਜਦੋਂ ਉਹ ਅਚਨਚੇਤ ਹੀ ਉਡਾਰੀ ਮਾਰ ਗਏ। ਸਾਡੀ ਦਿਲੀ ਅਰਦਾਸ ਹੈ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਆਪਣੇ ਵਿਯੋਗੀ ਸੰਗੀ-ਸਾਥੀਆਂ ਤੇ ਪਰਵਾਰ ਨੂੰ ਉਨ੍ਹਾਂ ਵਾਂਗ ਰੰਗਲਾ ਤੇ ਉਤਸ਼ਾਹੀ ਜੀਵਨ ਪ੍ਰਦਾਨ ਕਰਨ।


ਲਾਕਟ ਪ੍ਰਿਟਰਜ਼, ਬਾਜ਼ਾਰ ਬਾਬਾ ਭੋੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧.੪.੮੯ ਨੂੰ ਪ੍ਰਕਾਸ਼ਤ ਕੀਤਾ।

**ਟੈਲੀਫੋਨ ਨੰਬਰ : 51847 ਘਰ 43094**



www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| ਹਵਾਈ ਡਾਕ | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| ਹਵਾਈ ਡਾਕ | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ ਅਮਰੀਕਾ | ੯੦੦-੦੦ |
| ਅਰਬ, ਮਲਾਇਆ | ੫੫੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੦ ਅਪ੍ਰੈਲ ੧੯੯੬ ਅੰਕ ੪


# ਧਰਮ ਚਲਾਵਨ ਦੁਸਟ ਉਬਾਰਨ

ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

ਸ੍ਰੀ ਦਸਮੇਸ਼-ਆਦਰਸ਼ ਤੋਂ ਅਗਿਆਤ ਲੋਕਾਂ ਦੀ ਅਲਪੱਗ ਬੁੱਧੀ ਵਾਲੀ ਸਮਝ ਵਿਚ ਇਹ ਗੱਲ ਨਹੀਂ ਆਉਂਦੀ ਕਿ ਸ੍ਰੀ ਦਸਮੇਸ਼ ਜੀ ਦੇ ਉਪਰਲੇ ਮੁਖਵਾਕ ਅੰਦਰ ਧਰਮ ਬਿਥਾਰਨ ਅਤੇ ਦੁਸ਼ਟ ਬਿਦਾਰਨ ਦੀਆਂ ਦੋ ਮੁਤਜ਼ਾਦ ਬੁਝਾਰਤਾਂ ਕਿਉਂ ਆਉਂਦੀਆਂ ਹਨ। ਉਹਨਾਂ ਨੂੰ ਇਹ ਮੁਤਜ਼ਾਦ (ਵਿਰੋਧੀ) ਬੁਝਾਰਤਾਂ ਹੀ ਦੀਹਦੀਆਂ ਹਨ। ਦਰ-ਅਸਲ ਇਹ ਮੁਤਜ਼ਾਦ ਨਹੀਂ, ਦੁਸ਼ਟਾਂ ਦੀ ਦੁਸ਼ਟਤਾਈ ਦਮਨ ਕੀਤੇ ਬਾਝੋਂ ਜਗਤ-ਉਧਾਰ ਅਤੇ ਧਰਮ ਦਾ ਵਿਥਾਰ ਹੋਣਾ ਹੀ ਅਸੰਭਵ ਹੈ। ਦੁਸ਼ਟ-ਦਮਨ ਦਸਮੇਸ਼ ਗੁਰੂ, ਦੁਸ਼ਟਾਂ ਦੀ ਦੁਸ਼ਟਤਾਈ ਨੂੰ ਬਿਦਾਰ ਕੇ ਉਹਨਾਂ ਦੁਸ਼ਟਾਂ ਦਾ ਉਧਾਰ ਕਰਦੇ ਹਨ। ਉਹਨਾਂ ਦੁਸ਼ਟਾਂ ਨੂੰ ਮਾਰਦੇ ਨਹੀਂ, ਉਹਨਾਂ ਦੀ ਦੁਸ਼ਟਤਾਈ ਨੂੰ ਨਿਵਾਰਦੇ ਹਨ। ਜੇ ਹੋਰ ਕਿਸੇ ਬਿਧਿ ਭੀ ਇਹ ਦੁਸ਼ਟਤਾਈ ਦੁਸ਼ਟਾਂ ਦੀ ਦੂਰ ਨਾ ਹੋਵੇ ਤਾਂ ਦੁਸ਼ਟਾਂ ਨੂੰ ਆਪਣੇ ਦਸਤੇ-ਮੁਬਾਰਕ ਨਾਲ ਖੰਡੇ ਦੀ ਧਾਰ ਉਤੇ ਚਾੜ੍ਹ ਕੇ ਉਹਨਾਂ ਦਾ ਜਨਮ ਮਰਨ ਨਿਵਾਰ ਦੇਂਦੇ ਹਨ ਅਤੇ ਉਹਨਾਂ ਅੰਦਰ ਨਵੀਂ ਜਾਨ ਪਾ ਦਿੰਦੇ ਹਨ। ਖੰਡੇ ਦੀ ਧਾਰ ਤੇ ਚਾੜ੍ਹ ਕੇ ਹੀ ਸ੍ਰੀ ਦਸਮੇਸ਼ ਜੀ ਨੇ ਦੁਸ਼ਟ-ਜੀਵਨੀ-ਜੰਤਾਂ ਦੀ ਜਾਨ-ਪ੍ਰਾਨ-ਸੰਜੀਵਨੀ ਸੁਦੇਹੀ ਕੁਰਬਾਨੀ ਲੈ ਕੇ, ਉਨ੍ਹਾਂ ਅੰਦਰ ਸਦ-ਜੀਵਨੀ ਕੁਰਬਾਨੀ ਵਾਲੀ ਜਾਨ ਪਾ ਦਿਤੀ। ਐਥੋਂ ਤਾਈਂ ਕਿ ਸਦ-ਜੀਵਨੀ ਜਾਨ ਪ੍ਰਾਣ ਦਾਤਿਆਂ ਦਾ ਖ਼ਾਲਸਾ ਪੰਥ ਸਜਾ ਦਿਤਾ ਅਤੇ ਖਾਲਸਾ ਕੁਰਬਾਨੀ ਦੇ ਖ਼ਮੀਰ ਨੂੰ ਜਗਜੀਵਨਾ ਕਰ ਦਿਤਾ, ਜੋ ਜੁਗਾਂ ਤਕ ਸੁਰਜੀਤ ਰਹੇਗਾ। ਜਦੋਂ ਭੀ ਜਗਤ ਅੰਦਰ ਜ਼ੁਲਮ ਅਤੇ ਅਧਰਮ ਦੀ ਗਿਲਾਨੀ ਹੋਵੇਗੀ, ਇਹ ਸਦਜੀਵਨਾ ਧਰਮੀ ਪੰਥ ਅਤੁਟ ਕੁਰਬਾਨੀਆਂ ਦੇ ਕੇ ਧਰਮ ਨੂੰ ਸੁਰਜੀਤ ਕਰੇਗਾ ਅਤੇ ਅਧਰਮ ਜ਼ੁਲਮ ਪਾਪ ਨੂੰ ਨਸ਼ਟ ਕਰੇਗਾ। —ਭਾ: ਸਾ: ਰਣਧੀਰ ਸਿੰਘ ਜੀ ਲਿਖਤ 'ਗੁਰਮਤਿ ਪ੍ਰਕਾਸ਼' ਵਿਚੋਂ

www.AKJ.Org

# ਖਾਲਸਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

**ਪੂਰਨ ਜੋਤਿ ਜਗੈ ਘਟ ਮੈ, ਤਬ ਖਾਲਸਾ ਤਾਹਿ ਨਖਾਲਸ ਜਾਨੈ ॥**

**ਜਾਗਤ ਜੋਤਿ ਕੀ ਹੈ ?–**

ਹਾਂ ਜੀ ਪੂਰਨ ਜੋਤਿ ਜਗੈ ! 'ਜਗੈ ਘਟ ਮੈ' ! ਹਾਂ ਜੀ ਪੂਰਨ ਜੋਤਿ ! ਤੇ ਜਗੈ ਘਟ ਮੈ ! ਪੂਰਨ ! ਪੂਰੇ ਦੀ ਪੂਰੀ ਜੋਤਿ ! ਸੰਪੂਰਨ ਜੋਤਿ ਪੂਰੇ ਪ੍ਰਭੂ ਅਕਾਲ ਪੁਰਖ ਦੀ ਘਟ ਮਾਹਿ ਜਗੈ ਤਾਂ ਕਿਵੇਂ ਜਗੈ ?

ਕੀ ਇਸ ਦਾ ਇਹ ਭਾਵ ਹੈ ਕਿ ਸੰਪੂਰਨ ਜੋਤਿ ਸੰਪੂਰਨ ਅਕਾਲ ਪੁਰਖ ਦੀ ਇਕੋ ਘਟ ਵਿਖੇ ਸਮੁੱਚੀ ਹੀ ਆਨ ਅਉਤਰੇ ? ਜੇ ਇਹੋ ਅਰਥ ਭਾਵ ਹੈ ਤਾਂ ਸਰਬ ਵਿਆਪਕ ਸਰਬ ਘਟ ਵਿਆਪਕ "ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ"* ਇਕੋ ਘਟਿ ਮਝਾਰਿ ਹੀ ਮੁਕਈਅਦ ਅਤੇ ਮਹਿਦੂਦ (ਹਦ ਦੇ ਅੰਦਰ) ਹੋਣ ਕਰਿ ਇਕਾ-ਦੇਸੀ ਹੋ ਗਿਆ ਅਤੇ ਸਰਬ ਬਿਆਪਕ ਨ ਰਹਿਆ। ਅਤੇ ਹੋਰ ਸਾਰੇ ਘਟ ਖਾਲੀ ਰਹਿ ਗਏ। ਸਮੂਹ ਖੰਡ ਮੰਡਲ ਬ੍ਰਹਿਮੰਡ, ਚੰਦ, ਸੂਰਜ ਤੇ ਤਾਰੇ ਸਾਰੇ ਧਰਤ ਅਕਾਸ ਗੈਨ ਗਗਨ ਇਸ ਜੋਤਿ ਖੁਣੋਂ, ਜੋਤੀਸ਼ ਪੁਰਖ ਪੂਰਨ ਪ੍ਰਮਾਤਮਾ ਖੁਣੋਂ ਖ਼ਾਲੀ ਅਤੇ ਵਿਰਵੇ ਹੀ ਰਹਿ ਗਏ ! ਜੋਤੀ ਸਰੂਪ ਪਰਮਾਤਮਾ ਦੀ ਆਤਮ ਜੋਤਿ ਜਿਥੇ ਨਹੀਂ ਓਥੇ ਉਸ ਦੀ ਵਿਆਪਕਤਾ ਨਹੀਂ। ਆਤਮ-ਜੋਤਿ ਦੀ ਵਿਆਪਕਤਾ ਵਿਹੂਣ ਜੀਵਨ-ਕਣੀ ਨਹੀਂ। ਜਿਥੇ ਜੀਵਨ-ਕਣੀ ਨਹੀਂ, ਓਥੇ ਹੋਂਦ-ਹਸਤੀ ਨਹੀਂ। ਸਭ ਨੇਸਤੋ ਨਾਬੂਦ ਹੈ।

ਤਾਂ ਤੇ 'ਪੂਰਨ ਜੋਤਿ ਜਗੈ ਘਟ ਮੈ' ਦੇ ਉਪਰਲੇ ਅਰਥ ਨਹੀਂ ਬਣਦੇ। ਤਾਂ ਫੇਰ ਜੀ ਪੂਰਨ ਜੋਤਿ ਕਿਵੇਂ ਜਗੈ ! ਘਟ ਮੈਂ ਕਿਵੇਂ ਜਗੈ ? ਘਟ ਮਹਿ ਪੂਰਨ ਜੋਤਿ ਜਗਣ ਦਾ ਭਾਵ ਕੀ ਹੋਇਆ ? ਘਟ ਵਿਖੇ ਪੂਰਨ ਜੋਤਿ ਭੀ ਜਗੈ ਅਤੇ ਪੂਰਨ ਪੁਰਖ ਜੋਤੀ-ਸਰੂਪ ਪਰਮਾਤਮਾ ਦੀ ਸਰਬ-ਵਿਆਪਕਤਾ ਭੀ ਬਣੀ ਰਹੇ–

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥ (ਪੰਨਾ ੬੧੭)

ਗੁਰਵਾਕ ਦੇ ਭਾਵ ਅਨੁਸਾਰ ਆਤਮ-ਸੱਤਾ ਦੀ ਜੀਵਨ-ਕਣੀ ਕਰਕੇ ਤਾਂ ਪਰਮਾਤਮਾ ਦੀ ਜੋਤਿ ਸਰਬ ਘਟਾਂ ਵਿਖੇ ਬਿਰਾਜਮਾਨ ਹੈ, ਪਰ ਇਹ ਜੀਵਨ-ਜੋਤਿ-ਕਣੀ ਪ੍ਰਜੁਲਤ ਤਿਥੇ ਹੁੰਦੀ ਹੈ ਜਿਥੇ ਇਸ ਆਤਮ-ਜੀਵਨ-ਜੋਤਿ-ਕਣੀ ਨੂੰ ਪਰਮਾਤਮਾ ਦੇ ਅੰਮ੍ਰਿਤ-ਨਾਮ ਦੀ ਜਾਗ ਲਗਦੀ ਹੈ। ਪਰਮਾਤਮਾ ਦੇ ਇਸ ਅੰਮ੍ਰਿਤ-ਨਾਮ ਦੀ ਜਾਗ ਹਰੇਕ ਘਟ ਮਾਤਰ ਵਿਖੇ ਹੀ ਹੁੰਦੀ ਤਾਂ ਘਟ-ਆਤਮ ਸਾਰੇ ਆਪੋਂ ਹੀ ਜਗ ਉਠਦੇ। ਬੈਸੰਤਰ ਤਾਂ ਸਗਲ ਬਨਸਪਤ ਮਾਹਿ ਬਿਰਾਜਮਾਨ ਹੈ। ਅਗਨੀ ਆਪਣੀ ਅੰਸ ਕਰਕੇ ਹਰੇਕ ਕਾਠ ਲਕੜੀ ਅੰਦਰਿ ਮਉਜੂਦ ਹੈ। ਸਾਰੇ ਦੁੱਧ ਅੰਦਰ ਘਿਉ ਦੀ ਅੰਸ ਮਉਜੂਦ ਹੈ। ਪਰ ਦੁੱਧ ਨੂੰ ਜਾਗ ਲਗੀ ਬਿਨਾਂ ਅਤੇ ਕਾਠੰਤਰਿ-ਛੁਪੀ-ਅਗਨ ਨੂੰ ਲਾਗ ਲਗੇ ਬਿਨਾਂ ਨਾਹੀਂ ਦੁਧ ਵਿਚੋਂ ਘਿਉ ਨਿਕਲਦਾ ਹੈ ਅਤੇ ਨਾਹੀਂ ਕਾਠ ਲਕੜੀ ਵਿਚੋਂ ਅਗਨੀ ਪ੍ਰਚੰਡ ਹੁੰਦੀ ਹੈ। ਤਿਵੇਂ ਹੀ ਘਟ ਘਟ ਵਿਖੇ ਰਮ ਸਮ ਰਹੀ ਜੋਤਿ, ਬਿਨਾਂ ਅੰਮ੍ਰਿਤ-ਨਾਮ ਦੀ ਜਾਗ-ਲਾਗ ਤੋਂ ਅੰਦਰੋਂ ਪ੍ਰਜੁਲਤ ਪਰਗਟ ਹੋ ਕੇ ਜਗਦੀ ਨਹੀਂ।

ਤਾਂ ਤੇ ਸਿਧ ਹੋਇਆ ਕਿ ਸਰਬ ਘਟਾਂ ਅੰਦਰ ਵਿਆਪ ਰਹੀ ਆਤਮ-ਜੋਤਿ-ਜੀਵਨ-ਕਣੀ ਆਪੋਂ ਨਹੀਂ ਜਗ ਸਕਦੀ। ਇਸ ਵਿਚਿ ਆਪੋਂ ਜਗ ਉਠਣ ਦੀ ਸਮਰੱਥਾ ਹੀ ਨਹੀਂ। ਇਸ ਦੇ ਜਾਗਣ ਦਾ ਜਾਗ ਇਸ ਦੀ ਸਮਰੱਥਾ ਤੋਂ ਬਾਹਰ ਹੈ, ਇਸ ਦੇ ਆਪਣੇ ਹੱਥ ਹੀ ਨਹੀਂ। ਜੇ ਐਸਾ ਹੁੰਦਾ ਤਾਂ ਜਣਾ ਕਣਾ ਆਦਮੀ ਹੀ ਨਾ ਆਪਣੇ ਅੰਦਰ ਜੋਤਿ ਜਗਾ ਬਹਿੰਦਾ। ਇਸ ਜਣੇ ਕਣੇ ਜੀਵਨ ਅੰਦਰਿ ਰਮ ਸਮ ਰਹੀ ਆਤਮ ਜੋਤਿ ਨੂੰ ਕੋਈ ਜਾਗਤ ਜੋਤਿ ਹੀ

* ਥਿਤੀ ਗਉੜੀ ਮ: ੫, ਪੰਨਾ ੨੯੬



www.AKJ.Org

ਜਗਾ ਸਕਦੀ ਹੈ। ਜੋਤੀ ਸਰੂਪ ਪਰਾਮਤਮਾ ਅਕਾਲ ਪੁਰਖ ਵਾਹਿਗੁਰੂ ਜਾਗਤ ਜੋਤਿ ਹੈ। ਇਸ ਜੋਤੀ ਸਰੂਪ ਅਕਾਲ ਪੁਰਖ ਪਰਮਾਤਮਾ ਦਾ ਗੁਪਤੋਂ ਪਰਗਟ ਹੋਣ ਵਾਲਾ ਸਰੂਪ ਹੀ ਜਾਗਤ ਜੋਤਿ ਹੈ ਅਤੇ ਬਿਸਮਾਦ ਰੂਪ ਹੈ। ਜੋਤੀ ਸਰੂਪ ਦਾ 'ਜਾਗਤ ਜੋਤਿ' ਵਿਚਿ ਗੁਪਤੋਂ ਪਰਗਟ ਹੋਣਾ ਬਿਸਮਾਦ ਜਨਕ ਹੈ। ਜੋਤੀ ਸਰੂਪ ਦਾ ਜਾਗਤ ਜੋਤਿ ਸਰੂਪ ਹੀ ਪ੍ਰਕਾਸ਼-ਕਲਾ ਸੰਪੰਨ ਹੈ। ਜੋਤੀਸ਼ ਪ੍ਰਭੂ ਦਾ ਸ੍ਵੈਪ੍ਰਕਾਸ਼, ਜਾਗਤ-ਜੋਤਿ-ਸਰੂਪ ਕੇਵਲ ਨਿਜ ਸਰੂਪ ਨੂੰ ਪ੍ਰਕਾਸ਼ਨ ਦੀ ਜੋਤਿ ਜਗੰਨ ਸੰਪੰਨ ਹੀ ਨਹੀਂ, ਬਲਕਿ ਇਸ ਜਾਗਤ ਜੋਤਿ ਬਿਸਮਾਦ ਪ੍ਰਕਾਸ਼ ਸਰੂਪ ਦੇ ਪਰਸਿਆਂ ਹਰ ਇਕ ਆਤਮ-ਜੋਤਿ ਪ੍ਰਕਾਸ਼-ਪ੍ਰਜੁਲਤ ਹੁੰਦੀ ਹੈ, ਅਰਥਾਤ ਹਰੇਕ ਆਤਮ-ਜੋਤਿ, ਜਾਗਤ-ਜੋਤਿ ਜੋਤੀਸ਼ ਦੀ ਜਾਗ-ਲਾਗ ਨਾਲ ਹੀ ਜਗਦੀ ਹੈ। ਸ੍ਵੈਕਲਾ ਦੁਆਰਾ ਗੁਪਤੋਂ ਪਰਗਟ ਹੋਏ ਜੋਤਿ-ਪ੍ਰਕਾਸ਼ ਜਾਗਤ-ਜੋਤਿ ਜੋਤੀਸ਼ ਦਾ ਨਾਮ ਹੀ ਵਾਹਿਗੁਰੂ ਹੈ। ਇਹ ਨਾਮ ਅਰਥਾਤ ਇਹ ਜੋਤਿ-ਪ੍ਰਕਾਸ਼ੀ-ਜਾਗਤ-ਜੋਤਿ-ਸਰੂਪ ਹੀ ਜਾਗਤ-ਜੋਤਿ-ਕਲਾ ਸ਼ੰਪੰਨ ਹੈ, ਅਰਥਾਤ ਜੋਤਿ-ਕਲਾ ਜਗਾਉਣ ਦੇ ਸਮਰੱਥ ਹੈ। ਜੋਤਿ-ਪ੍ਰਕਾਸ਼ ਦੇ ਪਰਸਿਆਂ ਹੀ ਹਰੇਕ ਆਤਮ-ਜੋਤਿ ਦੇ ਪ੍ਰਕਾਸ਼ ਹੁੰਦਾ ਹੈ। ਬਾਰੰਬਾਰ ਜਾਗਤ-ਜੋਤਿ ਨੂੰ ਪਰਸਣਾ ਅਤੇ ਪਰਸੀ ਜਾਣਾ, ਬਾਰੰਬਾਰ ਪਰਸਣਾ ਹੀ ਆਤਮ-ਜੋਤਿ ਦੇ ਘਟ ਅੰਦਰਿ ਜਗਾਉਣ ਦਾ ਚੁੰਭਕ ਰਸਾਇਣ ਹੈ। ਇਸ ਜਾਗਤ-ਜੋਤਿ ਨੂੰ ਬਾਰੰ ਬਾਰ ਆਤਮ-ਜੋਤਿ ਦੇ ਪਰਸਣ ਦਾ ਨਾਉਂ ਜਾਗਤ-ਜੋਤਿ ਦਾ ਜਪਣਾ ਹੈ, ਤਦੇ ਹੀ ਸ੍ਰੀ ਦਸਮੇਸ਼ ਜੀ ਨੇ ੩੩ ਸਵੱਯਾਂ ਦੇ ਅਰੰਭ ਵਿਚ ਉਚਾਰਨ ਕੀਤਾ ਹੈ :— "ਜਾਗਤ ਜੋਤਿ ਜਪੈ ਨਿਸ ਬਾਸੁਰ"

ਨੋਟ ਕਰੋ 'ਨਿਸ ਬਾਸੁਰ' ਦੀ ਫ਼ੋਰਸ (Force) ਨੂੰ। ਨਿਸ ਬਾਸੁਰ—ਰਾਤ ਦਿਨੇ ਜਾਗਤ ਜੋਤਿ ਨੂੰ ਜਪੀ ਜਾਣ ਦੀ ਤਕੜਾਈ ਕੀਤੀ ਸ੍ਰੀ ਦਸਮੇਸ਼ ਜੀ ਨੇ ਸ੍ਰੀ ਖਾਲਸਾ ਜੀ ਨੂੰ। ਉਪਰ ਪਹਿਲਾਂ ਹੀ ਸਿਧ ਹੋ ਚੁਕਾ ਹੈ ਕਿ ਜਾਗਤ ਜੋਤਿ ਦਾ ਪਰਗਟ ਸਰੂਪ "ਵਾਹਿਗੁਰੂ" ਨਾਮ ਹੈ। ਤਾਹੀਂ ਤੇ ਜਾਗਤ-ਜੋਤਿ ਜਪੈ ਆਖਿਆ ਹੈ ਸ੍ਰੀ ਦਸਮੇਸ਼ ਜੀ ਨੇ। ਜਾਗਤ–ਜੋਤਿ ਨੂੰ ਜਪਣ ਦੇ ਅਰਥ ਹੋਰ ਕੁਝ ਬਣ ਹੀ ਨਹੀਂ ਸਕਦੇ। ਬਸ "ਜਾਗਤ ਜੋਤਿ ਜਪੈ" ਦਾ ਸਪੱਸ਼ਟ ਅਰਥ ਸ੍ਰੀ ਦਸਮੇਸ਼ ਜੀ ਦੇ ਸਿਧਾਂਤ ਅਨੁਸਾਰ "ਵਾਹਿਗੁਰੂ ਨਾਮ ਜਪੈ" ਸਿਧ ਹੋਇਆ, ਅਤੇ ਇਸ ਨਾਮ ਨੂੰ ਨਿਸ ਬਾਸਰ ਜਪਣ ਦਾ ਤਾਕੀਦੀ ਹੁਕਮ ਸ੍ਰੀ ਦਸਮੇਸ਼ ਜੀ ਨੇ ਇਸ ਪੰਗਤੀ ਦੁਆਰਾ ਦ੍ਰਿੜ੍ਹਾਇਆ। ਸ੍ਵੈਪ੍ਰਕਾਸ਼ਤ ਕਲਾ ਕਰਿ ਨਾਮ ਨਾਮੀ ਦਾ ਅਭੇਦ ਹੋਣਾ ਭੀ ਭਲੀ ਭਾਂਤ ਸਿਧ ਹੋ ਚੁਕਾ ਹੈ :—

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥੧॥ (ਆਸਾ ਦੀ ਵਾਰ, ਪੰਨਾ ੪੬੩)

ਰੂਪੀ ਗੁਰਵਾਕ ਵੀ ਇਸ ਸਿਧਾਂਤ ਦੀ ਪ੍ਰੋੜ੍ਹਤਾ ਕਰਦਾ ਹੈ। ਸ੍ਵੈਕਲਾ ਪ੍ਰਕਾਸ਼ਤ ਅਤੇ ਸ੍ਵੈਰਚਿਤ ਹੋਣ ਕਰਿ ਹੀ, ਅਤੇ ਆਦ ਅਨਾਦ ਅਪਰੰਪਰਾ ਪਰਾਪੂਰਬਲਾ ਹੋਣ ਦੇ ਕਾਰਨ ਇਹੋ ਨਾਮ ਹੀ ਸਤਿਨਾਮ, ਅਰਥਾਤ ਇਹੋ ਨਾਮ ਹੀ ਸਤਿ ਹੈ। ਏਕੈ ਇਸੇ ਨਾਮ ਬਿਨਾਂ ਹੋਰ ਸਭ ਨਾਮ ਅਸੱਤ ਹਨ, ਅਥਵਾ ਕਿਰਤਮ ਨਾਮ ਹੈ।

"ਜਾਗਤ ਜੋਤਿ ਜਪੈ ਨਿਸ ਬਾਸੁਰ" ਦੀ ਅਗਲੀ ਅੱਧੀ ਪੰਗਤੀ 'ਏਕ ਬਿਨਾ ਮਨਿ ਨੈਕ ਨ ਆਨੈ' ਸਾਫ਼ ਸਿਧ ਕਰਦੀ ਹੈ ਕਿ ਏਕੈ ਨਾਮੁ, ਉਪਰ ਦਸੇ ਗੁਰਮਤਿ ਨਾਮ ਤੋਂ ਬਿਨਾਂ, ਏਕੈ ਸਤਿ ਪਦਾਰਥ ਸਤਿਨਾਮ ਤੋਂ ਬਿਨਾਂ, ਇਕ ਤੋਂ ਅਨਿਕ (ਅਨ-ਇਕ, ਨੈਕ) ਅਸੱਤ ਪਦਾਰਥ ਨੂੰ ਮਨ ਅੰਦਰਿ ਨ ਲਿਆਵੇ, ਭਾਵ ਨਿਸ ਬਾਸੁਰ ਨਾਮ ਜਪਣ ਵਾਲੇ ਦੀ ਸੱਚੀ ਨਾਮ-ਅਭਿਆਸ-ਅਰੂੜ-ਅਵਸਥਾ ਇਹ ਹੁੰਦੀ ਹੈ ਕਿ ਨਾਮ, ਏਕੈ ਨਾਮ ਜਪਣ ਤੋਂ ਬਿਨਾਂ ਉਸ ਦੇ ਮਨ ਅੰਦਰ ਕਿਸੇ ਹੋਰ ਚੀਜ਼ ਦਾ ਨਿਵਾਸ ਨਹੀਂ ਹੁੰਦਾ।

ਰਤੇ ਰੰਗਿ ਪਾਰਬ੍ਰਹਮ ਕੈ ਮਨੁ ਤਨੁ ਅਤਿ ਗੁਲਾਲੁ ॥
ਨਾਨਕ ਵਿਣੁ ਨਾਵੈ ਆਲੂਦਿਆ ਜਿਤੀ ਹੋਰੁ ਖਿਆਲੁ ॥੩॥(੧੦) ਪੰਨਾ ੧੦੯੭

ਸੱਚ ਮੁੱਚ ਨਾਮ ਅਭਿਆਸੀ ਦੇ ਹਿਰਦੇ ਅੰਦਰਿ ਨਾਮ ਬਿਨਾਂ ਦੂਤੀ-ਆਲੂਦ-ਪ੍ਰਾਗੰਦਾ ਖ਼ਿਆਲ ਟਿਕ ਨਹੀਂ ਸਕਦੇ। ਨਾਮ ਬਿਨਾਂ ਫੁਰਨੇ, ਅਫੁਰਨੇ, ਸੰਕਲਪ, ਵਿਕਲਪ, ਸ਼ੁਭ ਅਸ਼ੁਭ ਵਾਸ਼ਨਾ ਸਭਿ ਪ੍ਰਾਗੰਦਾ ਖਿਆਲੀਆਂ ਹਨ। 'ਜਾਗਤ ਜੋਤਿ ਜਪੈ ਨਿਸ ਬਾਸੁਰ' ਦੇ ਹੁਕਮ ਕਮਾਵਣ ਦਾ ਪਾਰਸ-ਪ੍ਰਭਾਵੀ-ਫਲ ਇਹ ਹੁੰਦਾ ਹੈ ਕਿ ਬਸ 'ਏਕ ਬਿਨਾ ਮਨਿ ਨੈਕ ਨ ਆਨੈ ॥'



www.AKJ.Org

ਗੁਰਮਤਿ ਨਾਮ ਅਭਿਆਸ ਕਮਾਈ ਵਾਲਾ ਗੁਰਮੁਖ ਜਨ ਏਕੈ ਨਾਮ ਦਾ ਹੀ ਅਨਿੰਨ ਉਪਾਸ਼ਕ, ਅਨਿੰਨ ਅਭਿਆਸੀ ਅਤੇ ਏਕੈ ਅਕਾਲ ਪੁਰਖ ਦਾ ਹੀ ਅਨਿੰਨ ਭਗਤ ਹੋ ਜਾਂਦਾ ਹੈ। ਉਸ ਦੇ ਹਿਰਦੇ (ਮਨ) ਅੰਦਰਿ ਇਹੋ ਏਕੈ ਨਾਮ ਦੇ ਅਨਿੰਨ ਅਭਿਆਸ ਦੀ ਹੀ ਪੂਰਨ ਪ੍ਰੇਮ-ਪ੍ਰਤੀਤ ਸੁਭਾਇਮਾਨ ਹੁੰਦੀ ਹੈ।

'ਪੂਰਨ ਪ੍ਰੇਮ ਪ੍ਰਤੀਤ ਸਜੈ'

ਇਸੇ ਪੱਕ ਪ੍ਰਤੀਤ ਸੱਚੀ ਸ਼ਰਧਾ ਭਾਵਨੀ ਤੋਂ ਉਖੇੜ ਕੇ ਨਾਮ ਦਾ ਅਨਿੰਨ ਅਭਿਆਸੀ, ਅਕਾਲ ਦਾ ਅਨਿੰਨ ਉਪਾਸ਼ਕ ਆਪਣੀਆਂ ਮਨੋ-ਕਾਮਨਾ ਮਨੋਰਥਾਂ ਦੀ ਸਿਧੀ ਹੇਤ ਅਨ-ਮਤੀਆਂ ਵਤ ਬ੍ਰਤ, ਗੋਰ, ਮੜੀ, ਮਟ ਆਦਿਕ ਦੀ ਮੰਨਤਾ ਵਲ ਕਦੋਂ ਜਾਂਦਾ ਧਾਂਵਦਾ ਹੈ। ਜਦ ਉਸ ਦੇ ਮਨ ਅੰਦਰ "ਏਕ ਬਿਨਾ ਮਨ ਨੈਕ ਨ ਆਨੈ" ਵਾਲੀ ਸ਼ਰਧਾ-ਭਾਵਨੀ ਵਰਤ ਰਹੀ ਹੋਵੇ, ਤਦ ਹੋਰ ਕਿਸੇ ਵਲ ਉਸਦਾ ਧਾਵਣਾ ਕੀ? ਐਸੇ ਜਨ ਇਕੈ ਅਕਾਲ ਪੁਰਖ ਦੀ ਨਾਮ ਅਭਿਆਸ ਉਪਾਸ਼ਨਾ ਰੂਪੀ ਤੀਰਥ ਦਾਨ ਦਇਆ ਤਪ ਸੰਜਮ ਬਿਨਾਂ ਹੋਰ ਕਿਸੇ ਆਨ ਤੀਰਥ ਦਾਨ ਦਇਆ ਤਪ ਸੰਜਮ ਨੂੰ ਨਹੀਂ ਸਿਆਣਦੇ ਪਛਾਣਦੇ। ਏਕੋ ਜਾਗਤ ਜੋਤਿ ਦਾ ਨਿਸਬਾਸਰੀ ਅਨਿੰਨ ਅਭਿਆਸ ਹੀ ਸਰਬ ਕਲਾ ਕਲਿਆਣਕਾਰੀ ਹੈ।

**ਜਾਗਤ-ਜੋਤਿ ਕਿਵੇਂ ਜਗਦੀ ਹੈ?–**

ਇਸ ਨਾਮ ਰੂਪੀ ਜਾਗਤ ਜੋਤਿ ਦਾ ਅਭਿਆਸ ਰੂਪੀ ਜਾਗੁ, ਪਾਰਸ-ਸੁਪਰਸ਼ਨੀ-ਜਾਗੁ ਉਸੇ ਵਡਿਭਾਗੀ ਆਤਮ-ਆਕ੍ਰਖਣੀ-ਰੂਹ ਨੂੰ ਲਗਦਾ ਹੈ, ਜਿਸ ਦੇ ਘਟ ਅੰਤਰ ਗੁਰੂ ਕਰਣਾ ਕਰਿ, ਗੁਰੂ ਰੂਪੀ ਜੋਤਿ ਪ੍ਰਕਾਸ਼ਕੀ ਬਿਸਮਾਦ ਕਲਾ ਸਪਰਸ਼ੀ ਜਾਏ। ਇਹ ਕੇਵਲ ਗੁਰੂ-ਹੁਕਮ ਅਨੁਸਾਰ ਗੁਰੂ-ਜੋਤਿ ਕਲਾ ਕ੍ਰਿਸ਼ਮੀ ਗੁਰੂ ਸਰੂਪ ਪੰਚਾਂ ਪਿਆਰਿਆਂ ਦੇ ਪਾਰਸ ਸੁਪਰਸ਼ਨੀ ਕ੍ਰਿਸ਼ਮੇ ਦੁਆਰਾ ਹੀ ਸੁਪਰਸ਼ੀ ਜਾ ਸਕਦੀ ਹੈ। ਨਾਮ ਅਭਿਆਸ ਕਮਾਈ ਵਾਲੇ ਘਟੰਤਰਿ ਜਗਨ-ਜੋਤੀਸ਼ੀ ਦੀਵਿਆਂ ਵਾਲੇ ਅੰਮ੍ਰਿਤਧਾਰੀ ਪੰਚਾਂ ਪਿਆਰਿਆਂ ਦੀ, ਗੁਰੂ ਸਰੂਪ ਸੰਪੂਰਨ ਕਲਾ ਕ੍ਰਿਸ਼ਮੀ-ਨਾਮ-ਦਾਤਿ ਰੁਪੀ ਚੁੰਬਕ ਸਪਰਸ਼ ਹੀ ਨਾਮਿ ਰੂਪੀ ਜਗਨ ਜੋਤਿ ਦੀਵੇ ਅਧਿਕਾਰੀ ਜਗਿਆਸੂ ਜਨਾਂ ਦ ਘਟਾਂ ਅੰਦਰ ਜਗਾ ਸਕਦੀ ਹੈ। ਪ੍ਰਗਟ ਗੁਰਾਂ ਦੀ ਦੇਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ, ਅੰਮ੍ਰਿਤ-ਕਲਾ-ਕ੍ਰਿਸ਼ਮੀ ਨਾਮ ਅਭਿਆਸ ਕਮਾਈਆਂ ਵਾਲੇ ਪੰਜਾਂ ਪਿਆਰਿਆਂ ਦੁਆਰਾ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਗੁਰਮਤਿ ਨਾਮ ਬੀਜ ਮਾਤਰ ਬੀਜਿਆ ਹੋਇਆ ਹੀ ਜਾਗਤ ਜੋਤਿ ਪ੍ਰਕਾਸ਼ਨੀ ਕਲਾ ਸਰੂਪ ਵਿਚ ਹੀ ਫਲੀਭੂਤ ਹੋ ਸਕਦਾ ਹੈ, ਐਵੇਂ ਨਹੀਂ। ਇਸ ਬਿਧਿ ਬੀਜ ਮਾਤਰ ਜਗਿਆਸੂ ਜਨ ਦੇ ਘਟੰਤਰਿ ਪਰਵੇਸ਼ਿਆ ਹੋਇਆ ਜਾਗਤ-ਜੋਤਿ ਨਾਮ ਨਿਸਬਾਸਰ ਹੀ ਅੰਮ੍ਰਿਤਧਾਰੀ ਜਗਿਆਸੂ ਜਨਾਂ ਤੋਂ ਜਪਿਆ ਅਭਿਆਸਿਆ ਕਮਾਇਆ ਜਾਵੇ ਤਦ ਜਾ ਕੇ ਜਾਗਤ ਜੋਤਿ ਆਪਣੀ ਪੂਰੀ ਕਲਾ ਵਿਚ ਜਗਿਆਸੂ ਜਨਾਂ ਦੇ ਘਟਾਂ ਅੰਦਰਿ ਜਗਦੀ ਹੈ। ਘਟ ਅੰਦਰਿ ਪਰ ਜਗਾਈ ਹੀ ਜਗਦੀ ਹੈ, ਉਪਰ ਦਸੀ ਬਿਧੀ ਅਨੁਸਾਰ ਜਗਾਈ ਹੀ ਜਗਦੀ ਹੈ। ਜਿਨ੍ਹਾਂ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਇਸ ਪੂਰਨ ਜਾਗਤ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਐਸੇ ਜਨ ਹੀ ਨਿਰੋਲ (ਨਿਖਾਲਸ) ਨਿਰੇ ਖਾਲਸ ਖਾਲਸੇ ਹਨ।

**ਜਾਗਤ ਜੋਤਿ ਦਾ ਪ੍ਰਕਾਸ਼–**

ਪੂਰਨ 'ਜੋਤਿ ਜਗੈ' ਹਾਂ ਜੀ ਪੂਰੇ ਦੀ, ਜੋਤੀ ਸਰੂਪ ਪੂਰਨ ਪੁਰਖ, ਪੂਰਨ ਜਗੰਨ ਜੋਤੀਸ਼ ਵਾਹਿਗੁਰੂ ਦੀ ਜੋਤਿ ਹੀ ਪੂਰਨ ਹੈ। ਹੋਰ ਸਭ ਜੋਤਾਂ ਊਣੀਆਂ ਹਨ, ਪੂਰੇ ਦੀ ਜੋਤਿ ਹੀ ਪੂਰੀ ਹੈ। ਕਦੇ ਊਣੀ ਅਧੂਰੀ ਨਹੀਂ। ਇਕ ਵਾਰ ਜਗ ਕੇ ਇਕ-ਤਾਰ ਲਟਿ ਲਟਿ ਜਗਦੀ ਰਹਿੰਦੀ ਹੈ। ਕਦੇ ਬੁਝਦੀ ਡੋਲਦੀ ਨਹੀਂ। ਜੋ ਕਦੇ ਨਾ ਡੋਲੇ, ਨਾ ਬੁਝੇ, ਸੋ ਜੋਤਿ ਕਹੀਐ ਪੂਰੀ। ਜਿਸ ਜੋਤਿ ਦਾ ਚਾਨਣਾ ਕਦੇ ਨਾ ਘਟੇ, ਸਗੋਂ ਦਿਨੋ ਦਿਨ ਸਵਾਇਆ ਵਧੇ ਫੁਲੇ ਅਤੇ ਉਸਰ ਉਸਰ ਕੇ ਜਗੇ, ਸੋ ਜੋਤਿ ਕਹੀਐ ਪੂਰੀ ਹੈ।

ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੯॥ ਪੰਨਾ ੩੦੦



www.AKJ.Org

ਜਾਗਤ ਜੋਤਿ ਦਾ ਪ੍ਰਕਾਸ਼ ਹੀ ਪੂਰਨ ਪ੍ਰਕਾਸ਼ ਹੈ, ਇਸ ਪ੍ਰਕਾਰ ਦੀ ਪੂਰਨਤਾ ਇਸ ਕਰਕੇ ਹੈ ਕਿ ਇਹ ਕਦੇ ਡੋਲਦਾ ਨਹੀਂ। ਇਸ ਜਾਗਤ ਜੋਤਿ ਜੋਤੀਸ਼ਰ ਦਾ ਘਟੰਤਰੀ ਪ੍ਰਕਾਸ਼ ਇਸ ਕਰਕੇ ਪੂਰਨ ਪ੍ਰਕਾਸ਼ ਹੈ, ਕਿਉਂਕਿ ਇਹ ਪੂਰਨ ਪੁਰਖ ਪ੍ਰਭੂ ਪਰਮਾਤਮਾ ਨੇ ਆਪਿ ਪੂਰਨ ਕੀਤਾ ਹੈ—

ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ ...॥੩੩॥ ਪੰਨਾ ੧੪੧੨

ਸਸੀਅਰ ਸੂਰ ਤਾਰਿਆਂ ਦੇ ਚਾਨਣੇ ਦੀਆਂ ਜੋਤਾਂ ਸਭ ਇਸ ਜਾਗਤ ਜੋਤਿ ਜੋਤੀਸ਼ ਦੇ ਜੋਤਿ-ਚਾਨਣੇ ਤੋਂ ਵਰੋਸਾਈਆਂ ਹੋਈਆਂ ਜੋਤਾਂ ਹਨ। ਪਰਮ ਜੋਤੀਸ਼ ਦੇ ਕੋਟ ਭਾਨੀਸ਼ ਚਾਨਣ ਦਾ ਇਕ ਅਕਸ ਮਾਤ੍ਰ ਰਾਈ ਸਮਾਨ ਚਾਨਣਾ ਲੈ ਕੇ ਹੀ ਇਹ ਦਿਸ ਰਹੇ ਚੰਦ ਸੂਰਜ ਅਨਗਿਣਤ ਤਾਰੇ ਚਮਕ ਰਹੇ ਹਨ। ਤਾਂ ਤੇ ਇਹਨਾਂ ਚੰਦ ਸੂਰਜਾਂ ਤਾਰਿਆਂ ਸਤਾਰਿਆਂ ਦਾ ਜੋਤਿ-ਚਾਨਣਾ ਪੂਰਨ ਜੋਤਿ-ਜਗੰਨਾ ਚਾਨਣਾ ਨਹੀਂ, ਇਹ ਸਭ ਉਰੇ ਅਧੂਰੇ, ਪੂਰਨ ਜੋਤਿ ਤੋਂ ਅਧੂਰੇ ਚਕਨ-ਚਉਂਧੀਏ ਚੁੰਧਿਆਏ ਹੋਏ ਚਾਨਣੇ ਹਨ। ਪੂਰਨ ਜੋਤਿ-ਜਗੰਨਾ ਚਾਨਣਾ ਤਾਂ ਨਾਮ ਦੀ ਜਾਗਤ-ਜੋਤਿ ਦਾ ਚਾਨਣਾ ਹੈ। ਨਾਮ ਨਾਮੀ ਅਭੇਦ ਜਾਗਤ ਜੋਤਿ ਦਾ ਚਾਨਣਾ ਪੂਰਨ ਪ੍ਰਕਾਸ਼, ਪੂਰਨ ਜੋਤਿ ਪ੍ਰਕਾਸ਼ੀ ਚਾਨਣਾ ਹੈ:— ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

ਗੁਰ ਸਾਖੀ ਜੋਤਿ ਪਰਗਟੁ ਹੋਇ...॥੩॥ ਧਨਾਸਰੀ ਮ: ੧, ਪੰਨਾ ੧੩

ਉਸੇ ਜਾਗਤ-ਜਗੰਨ-ਜੋਤੀਸ਼ ਦੀ ਜੋਤਿ, ਅੰਸ ਮਾਤ੍ਰੀ ਜੋਤਿ ਹੀ ਸਭ ਵਿਖੇ ਹੈ। ਇਸ ਪੂਰਨ ਮਹਾਂ ਜੋਤੀਸ਼ ਦੇ ਜੋਤਿ-ਚਾਨਣੇ ਰੂਪੀ ਜੋਤਿ-ਪ੍ਰਭਾਵ ਨਾਲ ਸਭ ਮਹਿ ਚਾਨਣ ਹੁੰਦਾ ਹੈ। ਜੋਤੀਸ਼-ਜੋਤਿ ਦਾ ਪਰਤਵ ਹੀ ਸਾਰੇ ਸੂਰਜ ਚੰਦ ਤਾਰਿਆਂ ਵਿਖੇ ਪੈਂਦਾ ਹੈ। ਨਹੀਂ ਤਾਂ ਇਹ ਚੰਦ ਸੂਰਜ ਤਾਰੇ ਸਾਰੇ ਤਾਰੀਕ ਅੰਧ ਧੁੰਦ ਗੁਬਾਰ ਹੀ ਹੈਨ। ਇਹਨਾਂ ਅੰਦਰਿ ਉਸ ਸੱਚੀ ਜੋਤਿ ਦਾ ਕਿਰਣ-ਕਿਣਕਵਾਂ-ਸਾਇਆ ਹੀ ਹੈ।

"ਸਭ ਮਹਿ ਜੋਤਿ ਜੋਤਿ ਹੈ ਸੋਇ" ਗੁਰਵਾਕ ਦੇ ਭਾਵ ਅਨੁਸਾਰ ਸਭਨਾਂ ਘਟਾਂ ਅੰਦਰਿ ਓਸੇ ਇਕੋ ਜੋਤੀਸ਼ ਦੀ ਹੀ ਜੋਤਿ ਹੈ, ਪਰ ਇਹ ਲੁਪਤ ਗੁਪਤ ਜੋਤਿ ਹੈ। ਪਰਗਟ ਜੋਤਿ ਨਹੀਂ। ਜਾਗਤ ਜੋਤਿ ਨਹੀਂ।

"ਗੁਰ ਸਾਖੀ ਜੋਤਿ ਪਰਗਟੁ ਹੋਇ" ਵਾਲੀ ਗੁਰ-ਪੰਗਤੀ ਸਪੱਸ਼ਟ ਕਰਦੀ ਹੈ ਕਿ:"ਸਬਦ ਸੁਰਤਿ ਗੁਰ ਸਾਖੀ ॥" ਦੁਆਰਾ ਹੀ ਇਹ ਜੋਤਿ ਆਪਣੀ ਗੁਪਤ ਲੁਪਤ ਬੀਜ-ਅੰਸੀ ਅਵਸਥਾ ਤੋਂ ਹਿਰਦੇ ਰੂਪੀ ਘਟ ਅੰਦਰਿ ਪਰਗਟ ਹੁੰਦੀ ਹੈ। ਗੁਰ ਸਾਖੀ ਦੇ ਅਰਥ ਏਥੇ ਗੁਰ ਸ਼ਬਦ ਦੇ ਹਨ। ਸੱਚੀ ਗੁਰ ਸਾਖੀ ਸ਼ਬਦ ਸੁਰਤਿ ਨਾਮ ਅਭਿਆਸ ਕਮਾਈ ਹੀ ਹੈ। ਸੱਚੀ ਸਾਖੀ, ਸੱਚੀ ਗੁਰ ਸਿਖਸ਼ਾ, ਸੱਚਾ ਗੁਰ ਉਪਦੇਸ਼ ਨਾਮ ਜਾਪ ਅਭਿਆਸ ਮਈ ਹੁਕਮਾਂ ਸਿਰ ਹੁਕਮ ਹੀ ਹੈ। ਇਹੀ ਗੁਰ-ਸ਼ਬਦ, ਸੁਰਤਿ ਰੂਪੀ ਸੱਚੀ ਸਾਖੀ ਅੱਤ ਸ੍ਰੇਸ਼ਟ ਅਤੇ ਉਤਮ ਕਥਾ ਅਕੱਥ ਹੈ। ਯਥਾ ਗੁਰਵਾਕ :— ਹਰਿ ਕੇ ਸੰਤ ਸੁਣਹੁ ਜਨ ਭਾਈ ਹਰਿ ਸਤਿਗੁਰ ਕੀ ਇਕ ਸਾਖੀ ॥

ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ ਤਿਨਿ ਜਨਿ ਲੈ ਹਿਰਦੈ ਰਾਖੀ ॥
ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰਬਚਨੀ ਸਹਜੇ ਚਾਖੀ ॥
ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥
ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ ॥੧੨॥ ਪੰਨਾ ੯੭

ਹਿਰਦੇ ਅੰਤਰਿ ਇਸ ਸਾਖੀ ਰੂਪ ਗੁਰ-ਸ਼ਬਦ ਨਾਮ ਗੁਰ-ਮੰਤ੍ਰ ਨੂੰ ਰਖਿਆਂ, ਅਭਿਆਸਿਆਂ, ਅਭਿਆਸ ਬਿਲੋਵਨਾ ਬਿਲੋਵਿਆਂ ਰਸ-ਜੋਤਿ ਦਾ ਪ੍ਰਗਾਸ ਘਟ ਅੰਤਰ ਹੋਇ ਆਵੰਦਾ ਹੈ। ਇਸ ਕਿਰਨ ਕਮਲ ਰਸ-ਜੋਤਿ ਪ੍ਰਕਾਸ਼ ਦੇ ਸਾਂਗੋ ਪਾਂਗੀ ਚਮਤਕਾਰ ਦੁਆਰਾ ਹੀ ਘਟ ਅੰਤਰਿ ਹੀ "ਅਦਿਸਟੁ ਅਗੋਚਰੁ ਅਲਖੁ ਨਿਰੰਜਨੁ" ਦਾ ਸਾਖਸ਼ਾਤ ਦੀਦਾਰ ਹੁੰਦਾ ਹੈ। ਪਰ ਹੁੰਦਾ ਗੁਰਮੁਖਾਂ ਨੂੰ ਹੀ ਹੈ। ਗੁਰਮੁਖ ਖਾਲਸੇ ਨੂੰ ਹੀ ਇਸ ਜਾਗਤ-ਜੋਤਿ ਪੂਰਨ ਜੋਤਿ ਦਾ ਸਾਖਸ਼ਾਤ-ਕਾਰ ਹੁੰਦਾ ਹੈ। ਐਸੇ ਜਾਗਤ ਜਤਿ (ਵਾਹਿਗੁਰੂ) ਜਪਣ ਵਾਲੇ ਗੁਰਮੁਖ ਖਾਲਸਾ ਜਨ ਦੇ ਘਟ ਅੰਤਰਿ ਪੂਰਨ ਜੋਤਿ ਜਗਦੀ ਹੈ। ਹਾਂ ਜੀ, "ਪੂਰਨ ਜੋਤਿ ਜਗੈ" ਵਾਲੀ ਘਟਨਾ ਘਟਦੀ ਹੈ।

['ਗੁਰਮਤਿ ਵਿਚਾਰ' ਪੁਸਤਕ ਵਿਚੋਂ



www.AKJ.Org

# ਦਸਮੇਸ਼ ਜੀ ਦੀ ਯੁੱਧ-ਨੀਤੀ

[ਪ੍ਰਿੰਸੀਪਲ ਨਾਹਰ ਸਿੰਘ ਜੀ, ਸਿਵਲ ਲਾਈਨਜ਼, ਲੁਧਿਆਣਾ]

**੧. ਸੰਪੂਰਨ ਪਰਮ ਪੁਰਖ :—**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਰਮ ਪੁਰਖ, ਸੰਪੂਰਨ ਮਨੁੱਖ ਸਨ। ਸੰਸਾਰ ਅੰਦਰ ਅਜਿਹੀ ਉੱਤਮ ਪਦਵੀ ਕਿਸੇ ਟਾਵੀਂ ਹਸਤੀ ਨੂੰ ਹੀ ਪ੍ਰਾਪਤ ਹੋਈ ਹੋਵੇਗੀ। ਦੁਖ ਸੁਖ, ਹਰਖ ਸੋਗ ਨੂੰ ਸਮ ਕਰ ਜਾਨਣ ਦੀ ਕਰਾਮਾਤ ਕੇਵਲ ਕਲਗੀਆਂ ਵਾਲੇ, ਬਾਜਾਂ ਵਾਲੇ, ਫੌਜਾਂ ਵਾਲੇ, ਧਰਮ ਰਖਿਅਕ, ਅੰਮ੍ਰਿਤ ਦੇ ਦਾਤੇ, ਪੰਥ ਦੇ ਵਾਲੀ, ਸਰਬੰਸ ਦਾਨੀ, ਸੰਤ ਸਿਪਾਹੀ, ਰਾਜ ਯੋਗੀ, ਕਰਮ ਯੋਗੀ, ਸ਼ਮਸ਼ੀਰ ਬਹਾਦਰ, ਬਾਦਸ਼ਾਹ-ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਾਤਾ ਗੁਜਰੀ ਦੇ ਲਾਲ ਦੇ ਭਾਗਾਂ ਵਿਚ ਹੀ ਆਈ ਸੀ। ਅਨੰਦਮਈ ਵਾਤਾਵਰਨ ਦੇ ਵਾਸੀ, ਕਿਲ੍ਹਿਆਂ ਦੇ ਸੁਆਮੀ, ਅਤੁੱਟ ਲੰਗਰ ਤੇ ਮਾਇਆ ਵਸਤਰਾਂ ਦੇ ਦਾਤੇ, ਮਾਛੀਵਾੜੇ ਦੇ ਬੀਆਬਾਨ, ਸੁੰਨਸਾਨ ਜੰਗਲ ਵਿਚ ਕੰਡਿਆਂ ਨਾਲ ਛਿੱਲੇ ਨੰਗੇ ਪੈਰ, ਪਾਟੇ ਚੀਥੜੇ, ਭੁੱਖ ਪਿਆਸ. ਬਿਖੜੇ ਪੈਂਡਿਆਂ ਦਾ ਭੰਨਿਆ ਰਾਹੀ, ਇਕੱਲਾ, ਮੁਗ਼ਲ ਫ਼ੌਜਾਂ ਦਾ ਘੇਰਿਆ ਸਿਪਾਹੀ, ਟਿੰਡ ਦਾ ਸਿਰਹਾਣਾ ਲਾ ਕੇ ਲੇਟਿਆ ਸਤਿਗੁਰੂ, ਆਪਣੇ ਯਾਰ ਨਾਲ ਇਉਂ ਗੱਲਾਂ ਕਰਦਾ ਹੈ :—

"ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ ॥
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਣਾ ॥
ਸੂਲ ਸੁਰਾਹੀ ਖੰਜਰੁ ਪਿਆਲਾ, ਬਿੰਗ ਕਸਾਈਆਂ ਦਾ ਸਹਣਾ ॥
ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਣਾ ॥"

**੨. ਜਨਮ-ਮਨੋਰਥ :—**

ਆਪ ਨੇ ਆਪਣਾ ਜਨਮ-ਮਨੋਰਥ 'ਬਚਿਤ੍ਰ ਨਾਟਕ' ਵਿੱਚ ਇਸ ਤਰ੍ਹਾਂ ਉਲੀਕਿਆ ਹੈ :—

ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵ ਪਠਾਏ ॥
ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸ਼ਟ ਦੋਖੀਅਨਿ ਪਕਰਿ ਪਛਾਰੋ ॥੪੨॥
ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ, ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥

ਬਚਿਤ੍ਰ ਨਾਟਕ, ਅਧਿਆਇ ੬

ਆਪ ਨੇ ਸੰਘਰਸ਼ਮਈ ਜੀਵਨ ਦਾ ਚੈਲੰਜ ਕਬੂਲ ਕੀਤਾ। ਅਜਿਹੇ ਵਿਅਕਤੀ ਅੰਦਰ ਨੇਕੀ ਬਦੀ, ਪੁੰਨ ਪਾਪ, ਨਿਆਂ ਅਨਿਆਂ, ਸਚ ਝੂਠ, ਦਇਆ ਅਤਿਆਚਾਰ, ਗੁਰਮੁਖਤਾਈ ਤੇ ਮਨਮੁਖਤਾਈ ਦਾ ਆਹਮੋ ਸਾਹਮਣਾ ਟਕਰਾਅ ਜ਼ਰੂਰੀ ਸੀ, ਜੋ ਦਸਵੇਂ ਗੁਰੂ ਨਾਨਕ ਜੀ ਨੇ ਕਮਾਲ ਸੁਚੱਜੇ ਵਸੀਲਿਆਂ ਨਾਲ ਸਫ਼ਲਤਾ ਸਹਿਤ ਤੋੜ ਨਿਭਾਇਆ।

ਆਪ ਨੇ ਅਤਿ ਕਠਨ ਸਮੇਂ ਵੀ ਆਪਣੇ ਅਸੂਲ, ਆਦਰਸ਼, ਉਦੇਸ਼ ਦੀ ਪੂਰਤੀ ਕੀਤੀ। ਸੰਸਾਰ ਅੰਦਰ ਬਹੁਤੇ ਸੂਰਮਿਆਂ ਨੇ ਆਪਣੀ ਬਹਾਦਰੀ ਦੇ ਜੌਹਰ ਵਿਖਾਣ ਲਈ, ਧਰਤੀ, ਧਨ ਦੀ ਪ੍ਰਾਪਤੀ ਲਈ, ਰਾਜ ਸਥਾਪਨ ਕਰਨ ਲਈ ਵਡੇ ਵਡੇ ਮਹਾਨ ਖ਼ੂੰਖ਼ਾਰ ਜੰਗ ਲੜੇ, ਪਰ ਕਲਗੀਆਂ ਵਾਲੇ ਨੇ "ਸੰਤ ਉਬਾਰਨ, ਦੁਸ਼ਟ ਉਪਾਰਨ" ਦੇ ਮਹਾਨ ਆਦਰਸ਼ ਦੀ ਪਾਲਣਾ ਕੀਤੀ।

**੩. ਨਿਰਵੈਰ :—**

"ਨਾ ਕੋ ਬੈਰੀ ਨਾਹਿ ਬੇਗਾਨਾ, ਸਗਲ ਸੰਗਿ ਹਮ ਕਉ ਬਨਿ ਆਈ" ਦੇ ਪਰਮ ਸਿਧਾਂਤ ਅਨੁਸਾਰ ਆਪ ਕਿਸੇ ਧਰਮ, ਨਸਲ, ਕੌਮ, ਫ਼ਿਰਕੇ ਦੇ ਵਿਰੋਧੀ ਨਹੀਂ ਸਨ, ਨਾ ਹੀ ਮੁਗ਼ਲਾਂ ਜਾਂ ਪਹਾੜੀ ਰਾਜਿਆਂ ਦੇ ਵੈਰੀ ਸਨ।



www.AKJ.Org

ਉਹਨਾਂ ਦੀ ਫ਼ੌਜ ਵਿਚ ਹਿੰਦੂ, ਮੁਸਲਮਾਨ ਤੇ ਸਿੱਖ ਸ਼ਾਮਲ ਸਨ, ਲੋੜ ਪਈ ਤਾਂ ਉਨ੍ਹਾਂ ਨੇ ਸਿੱਖਾਂ ਨੂੰ ਵੀ ਦੰਡ ਦਿੱਤਾ। ਭੰਗਾਣੀ ਦੇ ਯੁਧ ਵਿਚ ਹਿੰਦੂ ਪਹਾੜੀ ਰਾਜਿਆਂ ਨੂੰ ਸੋਧਿਆ ਤੇ ਭਾਂਜ ਦਿਤੀ, ਪਰ ਧਰਤੀ ਦੇ ਇਕ ਪੋਟੇ ਤੇ ਵੀ ਕਬਜ਼ਾ ਨਹੀਂ ਕੀਤਾ। ਨਦੌਣ ਦੇ ਜੰਗ ਵਿਚ ਹਿੰਦੂ ਰਾਜਿਆਂ ਦਾ ਪੱਖ ਪੂਰਿਆ ਤੇ ਮੁਗ਼ਲ ਫ਼ੌਜਦਾਰਾਂ ਨੂੰ ਸੋਧਿਆ, ਕਿਉਂਕਿ ਉਹ ਧੱਕਾ ਜ਼ੋਰੀ ਕਰਦੇ ਸਨ। ਪੀਰ ਬੁਧੂ ਸ਼ਾਹ, ਸੈਦ ਖ਼ਾਂ, ਗ਼ਨੀ ਖ਼ਾਂ, ਨਿਹੰਗ ਖ਼ਾਂ, ਰਾਇ ਕੱਲਾ ਆਦਿ ਆਪ ਜੀ ਦੇ ਸ਼ਰਧਾਲੂ ਸਹਾਇਕ ਸਨ। ਆਪ ਦੇ ਸਿੱਖਾਂ ਨੇ ਕਦੇ ਕਿਸੇ ਮੰਦਰ, ਮਸੀਤ, ਧਰਮ ਪੁਸਤਕ ਜਾਂ ਇਸਤ੍ਰੀਆਂ ਦੀ ਨਿਰਾਦਰੀ ਨਹੀਂ ਕੀਤੀ। ਔਰੰਗਜ਼ੇਬ ਜ਼ਾਲਮ ਸੀ, ਪਰ ਸਤਿਗੁਰਾਂ ਨੇ ਉਸਦੇ ਵਡੇ ਪੁੱਤਰ ਮੁਅੱਜ਼ਮ ਨੂੰ ਤਖ਼ਤ ਦਾ ਜਾਇਜ਼ ਵਾਰਿਸ ਸਮਝਦੇ ਹੋਏ, ਸਹਾਇਤਾ ਕੀਤੀ ਅਤੇ ਭਾਰਤ ਦਾ ਸ਼ਹਿਨਸ਼ਾਹ ਬਣਾਇਆ। ਆਪ ਨੇ ਇਸ ਵਿਚਾਰ ਨੂੰ ਅੱਖੋਂ ਉਹਲੇ ਕਰ ਦਿੱਤਾ ਕਿ ਮੁਅੱਜ਼ਮ ਦੇ ਬਾਪ ਨੇ ਸਤਿਗੁਰਾਂ ਦੇ ਪਿਤਾ, ਮਾਤਾ, ਚਾਰ ਪੁੱਤਰਾਂ ਅਤੇ ਬੇਸ਼ੁਮਾਰ ਪਿਆਰੇ ਸਿੰਘਾਂ ਨੂੰ ਕਤਲ ਕੀਤਾ ਤੇ ਆਪ ਬੇਘਰ ਹੋਏ ਰੁਲਦੇ ਫਿਰਦੇ ਰਹੇ। ਅਤਿਆਚਾਰੀ ਵੀ ਜੇ ਸ਼ਰਨ ਆਇਆ ਤਾਂ ਉਸ ਨੂੰ ਕੰਠ ਲਾਇਆ, ਮੁਆਫ਼ੀ ਦਿਤੀ। ਆਪ ਜੀ ਦੇ ਸਿੱਖ ਵੀ ਨਿਰਵੈਰ ਸਨ। ਭਾਈ ਘਨਈਆ ਮੁਸਲਮਾਨ ਤੇ ਸਿੱਖ ਫਟੜਾਂ ਦੀ ਬਰਾਬਰ ਸੇਵਾ ਕਰਦਾ ਰਿਹਾ। "ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ"—ਭਾਈ ਘਨਈਆ ਜੀ ਦਾ ਜੀਵਨ ਆਦਰਸ਼ ਸੀ।

**ਦਸਮੇਸ਼ ਜੀ ਦੀ ਧਰਮ ਯੁੱਧ-ਨੀਤੀ ਪ੍ਰੇਮ, ਪਿਆਰ ਤੇ ਸੁਧਾਰ ਆਧਾਰਿਤ ਸੀ। ਇਸ ਵਿਚ ਬਦਲੇ ਜਾਂ ਨਫ਼ਰਤ ਦੀ ਨਾਂ-ਮਾਤਰ ਭਾਵਨਾ ਵੀ ਨਹੀਂ ਸੀ।**

### ੪. ਰੱਣ-ਤੱਤੇ ਵਿਚ :—

ਸਤਿਗੁਰਾਂ ਨੇ ਕਦੇ ਵੀ ਅਕਾਰਣ ਲੜਾਈ ਨਹੀਂ ਕੀਤੀ ਤੇ ਨਾ ਹੀ ਕਦੇ ਪਹਿਲ ਕੀਤੀ। ਆਪ ਅਤਿਆ-ਚਾਰੀਆਂ ਨੂੰ ਸੋਧਣ, ਸਿੱਧੇ ਰਸਤੇ ਪਾਉਣ ਦਾ ਹਰ ਸੰਭਵ ਯਤਨ ਕਰਦੇ। ਤਲਵਾਰ ਉਦੋਂ ਚੁੱਕਦੇ ਜਦੋਂ ਪਾਣੀ ਸਿਰ ਤੋਂ ਲੰਘ ਜਾਵੇ :—

"ਚੂੰ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥"

ਜਦੋਂ ਅਜਿਹੇ ਹਾਲਾਤ ਬਣ ਜਾਣ ਤਾਂ ਬੰਦੇ ਦਾ ਇਕੋ ਇਕ ਧਰਮ ਹੈ ਕਿ ਮਨੋਕਾਮਨਾ ਮਾਰੇ। ਜਪ, ਤਪ, ਭਗਤੀ, ਸੇਵਾ, ਸਿਮਰਨ, ਸਿਧਾਂ ਤੇ ਨੌ ਨਿੱਧਾਂ ਰਣ ਤੱਤੇ ਵਿਚ ਲੜ ਮਰਨ ਵਿਚ ਵੇਖੇ ਅਤੇ ਸ਼ਸਤਰ ਰੂਪ ਇਕੋ ਇਕ ਪੀਰ ਦੀ ਅਰਾਧਨਾ ਕਰੇ :—

"ਅਸਿ ਕ੍ਰਿਪਾਨ ਖੰਡੋ ਖੜਗ, ਤੁਪਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ, ਯਹੈ ਹਮਾਰੇ ਪੀਰ ॥"

ਆਪ ਅਰਦਾਸ ਵੀ ਇਹੋ ਕਰਦੇ ਹਨ :—

"ਹੇ ਰਵਿ ਹੇ ਸਸਿ ਹੇ ਕਰੁਣਾਨਿਧ, ਮੇਰੀ ਅਬੈ ਬਿਨਤੀ ਸੁਨ ਲੀਜੈ।
ਔਰ ਨ ਮਾਂਗਤ ਹਉ ਤੁਮ ਤੇ ਕਛੁ, ਚਾਹਤ ਹੋਂ ਚਿਤ ਮੈ ਸੋਈ ਕੀਜੈ।
ਸ਼ਸਤਰਨ ਸਿਉਂ ਅਤਿ ਹੀ ਰਣ ਭੀਤਰ, ਜੂਝ ਮਰੋਂ ਤਉ ਸਾਚ ਪਤੀਜੈ।
ਸੰਤ ਸਹਾਇ ਸਦਾ ਜਗ ਮਾਇ, ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ ॥"

### ੫. ਤੀਰਾਂ ਨੂੰ ਸੋਨਾ :—

ਦਸਮੇਸ਼ ਜੀ ਨੇ ਆਪਣੇ ਤੀਰਾਂ ਨਾਲ ਸੋਨਾ ਲਾਇਆ ਹੁੰਦਾ ਸੀ, ਤਾਂ ਜੁ ਜਿਸ ਨੂੰ ਤੀਰ ਲੱਗੇ, ਜੇ ਪੂਰਾ ਹੋ ਜਾਵੇ ਤਾਂ ਕਫ਼ਨ, ਦਫ਼ਨ ਤੇ ਸਸਕਾਰਨ ਦਾ ਪਰਬੰਧ ਕੀਤਾ ਜਾ ਸਕੇ। ਜੇ ਬਚ ਜਾਵੇ ਤਾਂ ਮਰਹਮ ਪੱਟੀ ਤੇ ਇਲਾਜ ਕਰਵਾ ਸਕੇ। ਧੰਨ ਸਤਿਗੁਰੂ !


www.AKJ.Org

## ੬. ਅਤੁੱਟ ਪਰਮਾਤਮ-ਵਿਸ਼ਵਾਸ :—

ਰਣ-ਤੱਤੇ ਵਿਚ ਵੀ ਆਪ ਪ੍ਰਭੂ-ਲੀਨਤਾ ਵਿਚ ਮਗਨਤਾ ਦਾ ਉਪਦੇਸ਼ ਕਰਦੇ ਹਨ, ਤਾਂ ਜੁ ਦੋਹਰੀ ਸ਼ਕਤੀ ਪ੍ਰਾਪਤ ਹੋਵੇ। ਕਰਮ ਕਰਨਾ ਇਨਸਾਨ ਦਾ ਫ਼ਰਜ਼ ਹੈ, ਜਿੱਤ-ਹਾਰ, ਸਫ਼ਲਤਾ ਜਾਂ ਅਸਫਲਤਾ ਸਰਬ ਸ਼ਕਤੀਮਾਨ ਦੇ ਵੱਸ ਹੈ। ਉਹ ਸੂਰਮੇ ਧੰਨ ਹਨ ਜਿਹੜੇ ਮੈਦਾਨਿ-ਜੰਗ ਵਿਚ ਵੀ ਪਰਮ ਆਤਮਾ ਤੋਂ ਸ਼ਕਤੀ ਦੀ ਯਾਚਨਾ ਕਰਦੇ ਹਨ :—

"ਧੰਨ ਜੀਓ ਤਿਹ ਕੋ ਜਗ ਮੈਂ, ਮੁਖ ਤੇ ਹਰਿ, ਚਿਤ ਮੈਂ ਜੁਧੁ ਬਿਚਾਰੈ ॥
ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ, ਭਵ ਸਾਗਰ ਤਾਰੈ ॥
ਧੀਰਜ ਧਾਮ ਬਨਾਇ ਇਹੈ ਤਨ, ਬੁਧਿ ਸੁ ਦੀਪਕ ਜਿਉਂ ਉਜਿਆਰੈ ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ ॥"

ਸੰਸਾਰ ਦੇ ਇਤਿਹਾਸ ਵਿਚ ਮਹਾਨ ਜੇਤੂ ਤੇ ਮਹਾਬਲੀ ਯੁੱਧਾਂ ਅੰਦਰ ਪਰਮਾਤਮਾ ਦਾ ਆਸਰਾ ਲੈਂਦੇ ਰਹੇ ਹਨ ਅਤੇ ਤਲਵਾਰ ਦੀ ਯੋਗ, ਹੱਕੀ ਵਰਤੋਂ ਕਰਕੇ ਫ਼ਤਿਹ ਦੇ ਭਾਗੀ ਬਣਦੇ ਰਹੇ।

"ਹਮਰੇ ਦੁਸਟ ਸਭੈ ਤੁਮ ਘਾਵਹੁ ॥ ਆਪੁ ਹਾਥ ਦੈ ਮੋਹਿ ਬਚਾਵਹੁ ॥"—ਸਾਰੀ ਬੇਨਤੀ ਚੌਪਈ ਵਿਚ ਸਤਿਗੁਰਾਂ ਨੇ ਇਸੇ ਸਿਧਾਂਤ ਦੀ ਪੁਸ਼ਟੀ ਕੀਤੀ ਹੈ। ਇਸ ਅਸੂਲ ਦੀ ਸਿਖਰ ਹੋ ਗਈ ਜਦੋਂ ੪੦ ਸਿੰਘਾਂ ਨੇ ਚਮਕੌਰ ਦੀ ਜੰਗ ਵਿਚ ਦਸ ਲੱਖ ਮੁਲਖੱਈਏ ਨਾਲ ਲੋਹਾ ਲਿਆ ਅਤੇ ੪੦ ਸਿੰਘ ਮੁਕਤਸਰ ਵਿਚ ਲੜਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ, ਪਰ ਈਨ ਨਹੀਂ ਮੰਨੀ, ਹਥਿਆਰ ਨਹੀਂ ਸੁੱਟੇ। 'ਸਤਿ ਸ੍ਰੀ ਅਕਾਲ' ਦਾ ਆਸਰਾ ਤੱਕਿਆ ਤੇ ਸੂਰਮਗਤੀ ਨੂੰ ਪ੍ਰਾਪਤ ਹੋਏ। "ਚੂੰ ਹਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ।"—ਜਦੋਂ ਖ਼ੁਦਾ ਯਾਰ ਹੋਵੇ, ਵੈਰੀ ਕੀ ਕਰੇਗਾ, ਭਾਵੇਂ ਵੈਰੀ ਸੈਂਕੜੇ ਵੀ ਹੋਣ?

## ੭. ਖ਼ਾਲਸਾ ਫ਼ੌਜ ਤੇ ਗੁਰੂ :—

ਖ਼ਾਲਸਾ ਅਕਾਲ ਪੁਰਖ ਦੀ ਫ਼ੌਜ ਹੈ। ਫ਼ੌਜ ਨਾਲ ਦਸਮੇਸ਼ ਜੀ ਦੇ ਸੰਬੰਧਾਂ ਦਾ ਆਧਾਰ ਪਿਆਰ ਤੇ ਰੂਹਾਂ ਦਾ ਮੇਲ ਸੀ। ਸਿੱਖ ਸਿਪਾਹੀ ਮਾਂਗਵੀਂ ਧਾੜ ਜਾਂ ਤਨਖ਼ਾਹਦਾਰ ਚਾਕਰ ਨਹੀਂ ਸਨ, ਬਲਕਿ ਸ਼ਰਧਾਵਾਨ, ਸਿਰਲੱਥ, ਸਾਥੀ ਤੇ ਮਿੱਤਰ ਸਨ। ਅਕਾਲ ਪੁਰਖ ਦੀ ਕਿਰਪਾ ਹੀ ਖ਼ਾਲਸਾ ਫ਼ੌਜ ਦੀ ਕਿਰਪਾ ਸੀ। ਸਿੱਖ ਸਿੱਖੀ ਦੇ ਨਾਤੇ ਗੁਰੂ ਜੀ ਨਾਲ ਜੁੜੇ ਹੋਏ ਸਨ। ਸਿਰ ਭੇਟ ਕਰਨ ਵਿਚ ਰਤੀ ਭਰ ਵੀ ਦੇਰ ਜਾਂ ਸੰਕੋਚ ਨਹੀਂ ਕਰਦੇ ਸਨ। ਗੁਰੂ ਨੂੰ ਆਪਣੇ ਸੰਤ ਸਿਪਾਹੀਆਂ ਦੀ ਵਫ਼ਾਦਾਰੀ ਅਤੇ ਕੁਰਬਾਨੀ ਉਤੇ ਅਟੱਲ ਵਿਸ਼ਵਾਸ ਸੀ। ਦਸਮੇਸ਼ ਜੀ ਇਹ ਕਹਿਣ ਵਿਚ ਗੌਰਵ ਤੇ ਅਣਖ ਦਰਸਾਉਂਦੇ ਹਨ :—

"ਯੁਧ ਜਿਤੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥
ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ, ਇਨ ਹੀ ਕੀ ਕਿਰਪਾ ਫੁਨ ਧਾਮ ਭਰੇ ॥
ਇਨ ਹੀ ਕੇ ਪ੍ਰਸਾਦਿ ਸੁ ਬਿਦਿਆ ਲਈ, ਇਨ ਹੀ ਕੀ ਕਿਰਪਾ ਸਭ ਸ਼ਤ੍ਰ ਮਰੇ ॥
ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ ॥"

## ੮. ਅਬਲਾ ਨਾਰੀ ਦੇ ਰੱਖਿਅਕ :—

ਦਸਮੇਸ਼ ਜੀ ਦੀ ਇਸ ਮਹਾਨ ਨੀਤੀ ਅਤੇ ਸਿਧਾਂਤਾਂ ਦੀ ਵਰਤੋਂ ਸਿੱਖ ਉਸ ਵੇਲੇ ਵੀ ਕਰਦੇ ਰਹੇ ਜਦੋਂ ਇਨ੍ਹਾਂ ਦੇ ਸਿਰਾਂ ਦਾ ਮੁੱਲ ਚਾਲੀ ਚਾਲੀ ਰੁਪੈ ਪੈਂਦਾ ਸੀ ਅਤੇ ਘਰ ਘਾਟ ਤਿਆਗ ਕੇ ਜੰਗਲਾਂ, ਥਲਾਂ ਤੇ ਪਹਾੜਾਂ ਵਿਚ ਵਾਸਾ ਕੀਤਾ ਹੋਇਆ ਸੀ। ਇਨ੍ਹਾਂ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੀ ਕੈਦ ਵਿਚੋਂ ਹਜ਼ਾਰਾਂ ਹੀ ਹਿੰਦੂ ਕੁੜੀਆਂ ਛੁਡਾ ਕੇ ਭਾਰਤ ਦੇ ਕੋਨੇ ਕੋਨੇ ਵਿਚ ਸਲਾਮਤ ਘਰੋ ਘਰੀ ਪਹੁੰਚਾਈਆਂ। ਧੰਨ ਸਿੱਖੀ!



www.AKJ.Org

# ਹਿੰਦੁਸਤਾਨ ਦੀ ਇੱਜ਼ਤ ਆਬਰੂ ਦਾ ਜ਼ਾਮਨ--ਖ਼ਾਲਸਾ

[ਵਲੋਂ—ਪਾਂਧੀ ਜੀ ਨਨਕਾਣਵੀ]

ਹਿੰਦੁਸਤਾਨ ਦੇ ਸੂਰਬੀਰ ਮਰਹੱਟਿਆਂ ਨੂੰ ਪਾਣੀਪਤ ਦੇ ਮੈਦਾਨ ਵਿਚ ਲੱਕ-ਤੋੜਵੀਂ ਸ਼ਿਕੱਸਤ ਦੇ ਕੇ (੧੪ ਜਨਵਰੀ ੧੭੬੧) ਅਤੇ ਦਿੱਲੀ ਦੇ ਤਖ਼ਤ ਤੇ ਸ਼ਾਹ ਆਲਮ ਦੂਜੇ ਨੂੰ ਨਿਯੁਕਤ ਕਰ ਕੇ, ਬੇਸ਼ੁਮਾਰ ਲੁੱਟ ਦੀ ਦੌਲਤ ਸੰਭਾਲ ਕੇ, ਅਬਦਾਲੀ ਅਖੀਰ ਅਫਗਾਨਿਸਤਾਨ ਨੂੰ ਮੁੜ ਪਿਆ। ਵਿਸ਼ੇਸ਼ ਗੱਲ ਉਸ ਇਹ ਕੀਤੀ ਕਿ ਇਸ ਵਾਰ ਉਸ ਬਹੁਤ ਸਾਰੇ ਲੋਕਾਂ ਅਤੇ ੨੨੦੦ ਦੇ ਕਰੀਬ ਸੁੰਦਰ ਤੇ ਨੌਜੁਆਨ ਮੁਟਿਆਰਾਂ ਨੂੰ ਵੀ ਕੈਦੀ ਬਣਾ ਲਿਆ ਅਤੇ ਆਪਣੇ ਨਾਲ ਲੈ ਤੁਰਿਆ, ਇਹਨਾਂ ਮਾਸੂਮਾਂ, ਮਜ਼ਲੂਮਾਂ ਨੂੰ ਵੀ ਲੁੱਟ ਦਾ ਮਾਲ ਸਮਝਦਿਆਂ, ਤੇ ਹਿੰਦੁਸਤਾਨ ਦੀ ਗ਼ੈਰਤ ਨੂੰ ਚੁਨੌਤੀ ਦੇਂਦਿਆਂ ਹੋਇਆਂ।

ਅਬਦਾਲੀ ਨੇ ਆਪਣੇ ਪੰਜਵੇਂ ਹਮਲੇ ਸਮੇਂ (ਨਵੰਬਰ ੧੭੫੯) ਹਿੰਦੁਸਤਾਨ ਵਿਚ ਮਰਹੱਟਾ-ਸ਼ਕਤੀ ਨੂੰ ਨੇਸਤੋ-ਨਾਬੂਦ ਕਰਨ ਦਾ ਮਨ ਬਣਾਇਆ ਸੀ, ਜਿਸ ਵਿਚ ਉਹ ਸਫਲ ਹੋਇਆ। ਭਾਵੇਂ ਪੰਜਾਬ ਵਿਚ ਸਿੱਖ-ਸ਼ਕਤੀ ਉਸਦੀ ਅੱਖ ਦੀ ਰੜਕ ਬਣੀ ਹੋਈ ਸੀ, ਪਰ ਉਹ ਸਭ ਤੋਂ ਪਹਿਲਾਂ ਮਰਹੱਟਾ-ਸ਼ਕਤੀ ਨੂੰ ਨਸ਼ਟ ਕਰਨ ਦੇ ਨਾਲ ਨਾਲ ਤਖ਼ਤ-ਦਿੱਲੀ ਨੂੰ ਵੀ ਆਪਣੇ ਪੈਰਾਂ ਥੱਲੇ ਮਸਲਣਾ ਚਾਹੁੰਦਾ ਸੀ ਤੇ ਇਸ ਪਿਛੋਂ ਉਹ ਖੁਲ੍ਹੇ-ਦਿਲ ਨਾਲ ਸਿੱਖਾਂ ਦੇ ਗਲ਼ ਪੈਣ ਲਈ ਮਨ ਬਣਾਈ ਬੈਠਾ ਸੀ। ਇਸ ਹਮਲੇ ਸਮੇਂ ਉਹ ਚਾਲੀ ਹਜ਼ਾਰ ਦੇ ਕਰੀਬ ਲੜਾਕੂ ਅਫ਼ਗਾਨਾਂ ਨੂੰ ਨਾਲ ਲਿਆਇਆ ਤੇ ਬਿਨਾਂ ਕਿਸੇ ਰੁਕਾਵਟ ਦੇ ਸਿੱਧਾ ਲਾਹੌਰ ਆ ਗਿਆ। ਕਿਸੇ ਵੀ ਮਰਹੱਟਾ ਸਰਦਾਰ ਨੂੰ ਜੁਰਅੱਤ ਨਹੀਂ ਹੋਈ ਕਿ ਉਹ ਸਾਹਮਣੇ ਆਵੇ, ਇਸ ਕਰਕੇ ਉਸ ਦੇ ਹੌਸਲੇ ਅੰਮ੍ਰਿਤਸਰ ਦੇ ਨੇੜੇ ਬੈਠੇ ਦੁਰਾਨੀ ਹਮਲਾ-ਆਵਰ ਨੂੰ ਸਿੱਖ ਹੋਂਦ ਦਾ ਅਹਿਸਾਸ ਕਰਾਉਣਾ ਜ਼ਰੂਰੀ ਸੀ। ਸੋ ਦੀਵਾਲੀ ਦੇ ਅਵਸਰ ਤੇ ਅੰਮ੍ਰਿਤਸਰ ਵਿਚ ਇਕੱਤ੍ਰਿਤ ਖਾਲਸਾ ਪੰਥ ਦੇ ਮਹਾਨ ਸਿਰਕੱਢ ਆਗੂਆਂ, ਜਿਹਾ ਕਿ ਸ: ਜੱਸਾ ਸਿੰਘ ਆਹਲੂਵਾਲੀਆ, ਜੈ ਸਿੰਘ ਕਨ੍ਹਈਆ, ਚੜ੍ਹਤ ਸਿੰਘ ਸੁਕਰਚਕੀਆ, ਗੁਜਰ ਸਿੰਘ ਤੇ ਲਹਿਣਾ ਸਿੰਘ ਭੰਗੀ ਤੇ ਹੋਰ ਮਿਸਲਦਾਰਾਂ ਨੇ ਗੁਰਮਤਾ ਕਰ ਕੇ ਰਾਤੋ ਰਾਤ ਸ਼ਾਲਾਮਾਰ ਦੇ ਮੁਕਾਮ ਤੇ ਡੇਰਾ ਲਾਈ ਅਬਦਾਲੀ ਦੇ ਫ਼ੌਜੀ ਟਿਕਾਣਿਆਂ ਤੇ ਹੱਲਾ ਬੋਲ ਦਿੱਤਾ ਤੇ ਬੇਅੰਤ ਗ਼ਾਜ਼ੀ ਆਪਣੀਆਂ ਤਿੱਖੀਆਂ ਤੇ ਚਮਕੀਲੀਆਂ ਭਗਉਤੀਆਂ ਨਾਲ ਪਾਰ ਬੁਲਾਏ। ਹਮਲਾ ਅਚਾਨਕ ਹੋਣ ਕਰਕੇ ਦੁਰਾਨੀ ਸੂਰਮੇ ਭੱਜ ਉਠੇ ਅਤੇ ਸਿੱਖਾਂ ਨੇ ਅਬਦਾਲੀ ਦਾ ਮਾਲ ਤੇ ਅਸਲਾ, ਜੋ ਮਿਲਿਆ, ਲੁੱਟ ਲਿਆ ਤੇ ਆਪਣੇ ਆਪ ਨੂੰ ਬਚਾਉਂਦੇ ਹੋਏ ਦੂਰ ਨਿਕਲ ਗਏ। ਅਬਦਾਲੀ ਨੂੰ ਜਦੋਂ ਸਿੱਖ-ਹਮਲੇ ਦੀ ਖ਼ਬਰ ਹੋਈ ਤਾਂ ਉਸ ਦੰਦ ਕਰੀਚੇ, ਬੁਲ੍ਹ ਟੁਕੇ ਅਤੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਸਰਦਾਰ ਜਹਾਨ ਖ਼ਾਨ ਨੂੰ ਸਿੱਖਾਂ ਦੀ ਸਿਰਕੋਬੀ ਲਈ ਭੇਜਿਆ, ਪਰ ਸਿੱਖਾਂ ਨੇ ਉਸਨੂੰ ਅਜਿਹਾ ਘੇਰੇ ਵਿਚ ਲਿਆ ਕਿ ਦੋ ਹਜ਼ਾਰ ਦੇ ਕਰੀਬ ਦੁਰਾਨੀ ਆਪਣੀ ਜਾਨ ਤੋਂ ਹੱਥ ਧੋ ਬੈਠੇ ਤੇ ਜਹਾਨ ਖ਼ਾਨ ਜ਼ਖ਼ਮੀ ਹੋ ਕੇ ਰਾਤ ਦੇ ਹਨੇਰੇ ਦਾ ਲਾਭ ਉਠਾ ਕੇ ਭੱਜ ਉਠਿਆ। ਪਰ ਅਬਦਾਲੀ ਨੂੰ ਦਿੱਲੀ ਪਹੁੰਚਣ ਦੀ ਕਾਹਲ ਸੀ, ਸੋ ਉਹ ਮਰਹੱਟਾ ਸ਼ਕਤੀ ਨੂੰ ਨਸ਼ਟ ਕਰਨ ਲਈ ਦਿੱਲੀ ਵਲ ਕੂਚ ਕਰ ਗਿਆ। ਪਰ ਸਿੱਖ ਚੁਪ ਕਰ ਕੇ ਨਹੀਂ ਬੈਠੇ। ਉਹਨਾਂ ਪੰਜਾਬ ਵਿਚ ਅਬਦਾਲੀ ਵਲੋਂ ਮੁਕੱਰਰ-ਕਰਦਾ ਨਾਇਬਾਂ ਦੀ ਨੱਕ-ਜਿੰਦ ਲੈ ਆਂਦੀ। ਉਹ ਆਪਣੇ ਹਮਲਿਆਂ ਦੁਆਰਾ ਅਬਦਾਲੀ ਨੂੰ ਇਹ ਅਹਿਸਾਸ ਕਰਾਉਣਾ ਚਾਹੁੰਦੇ ਸਨ ਕਿ ਖਾਲਸਾ, ਪੰਜਾਬ ਦੀ ਪਵਿੱਤਰ ਧਰਤੀ ਤੇ ਅਬਦਾਲੀ ਦੀ ਬਦੇਸ਼ੀ ਹਕੂਮਤ ਨੂੰ ਕਿਸੀ ਹਾਲਤ ਵਿਚ ਵੀ ਕਾਇਮ ਨਹੀਂ ਰਹਿਣ ਦੇਵੇਗਾ। ਭਾਵੇਂ ਉਹ ਆਪ ਪੰਜਾਬ ਵਿਚ ਹੀ ਕਿਉਂ ਨਾ ਡਟਿਆ ਰਹੇ।

ਸੋ ਇਸ ਆਸ਼ੇ ਨੂੰ ਮੁਖ ਰਖ ਕੇ ਦੀਵਾਲੀ (ਨਵੰਬਰ ੭, ੧੭੬੦) ਦੇ ਅਵਸਰ ਤੇ ਅੰਮ੍ਰਿਤਸਰ ਵਿਚ ਜੁੜੇ ਸਰਦਾਰਾਂ ਤੇ ਮਿਸਲਦਾਰਾਂ ਨੇ ਲਾਹੌਰ ਤੇ ਇਕ ਹੋਰ ਹਮਲਾ ਕਰਨ ਦਾ ਗੁਰਮਤਾ ਕੀਤਾ, ਤਾਂ ਜੁ ਸਿੱਖ ਸ਼ਕਤੀ ਦੀ ਨਿਡਰਤਾ ਤੇ ਦੇਸ਼ ਨੂੰ ਆਜ਼ਾਦ ਕਰਾਉਣ ਦੇ ਉਹਨਾਂ ਦੇ ਇਰਾਦੇ ਉਸ ਤੇ ਪ੍ਰਗਟ ਹੋ ਸਕਣ। ਸੋ



www.AKJ.Org

ਸ: ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠ ਸਿੱਖਾਂ ਨੇ ਲਾਹੌਰ ਤੇ ਹਮਲਾ ਕਰ ਦਿੱਤਾ। ਉਹਨਾਂ ਸ਼ਹਿਰ ਦੀ ਫ਼ਸੀਲ ਤੋਂ ਬਾਹਰ ਦੀਆਂ ਸਾਰੀਆਂ ਬਸਤੀਆਂ ਉਜਾੜ ਦਿੱਤੀਆਂ। ਲਾਹੌਰ ਦਾ ਹਾਕਮ ਮੋਹਨ ਖਾਂ ਕਸੂਰੀ ਦਾ ਪੁੱਤਰ ਮੀਰ ਮੁਹੰਮਦ ਖ਼ਾਨ ਡਰਦਾ ਮਾਰਿਆ ਲਾਹੌਰ ਕਿਲ੍ਹੇ ਵਿਚ ਜਾ ਵੜਿਆ। ਯਾਰ੍ਹਾਂ ਦਿਨਾਂ ਤਕ ਖਾਲਸੇ ਨੇ ਲਾਹੌਰ ਸ਼ਹਿਰ ਦਾ ਘੇਰਾ ਪਾਈ ਰਖਿਆ। ਅਖ਼ੀਰ ਉਸ ਨੇ ਤੰਗ ਆ ਕੇ ਲਾਹੌਰ ਸ਼ਹਿਰ ਦੇ ਪਤਵੰਤਿਆਂ, ਜਿਹਾ ਕਿ ਪੀਰਜ਼ਾਦਾ ਗ਼ੁਲਾਮ ਹੁਸੈਨ ਸਰਹੰਦੀ, ਮੀਆਂ ਮੁਹੰਮਦ ਤੱਕੀ, ਪੀਰ ਨੱਥੂ ਸ਼ਾਹ ਅਤੇ ਕਾਦਰ ਬਖ਼ਸ਼ ਆਦਿ ਦੇ ਹੱਥੀਂ ਤੀਹ ਹਜ਼ਾਰ ਰੁਪਿਆ ਕੜਾਹ ਪ੍ਰਸ਼ਾਦ ਲਈ ਨਜ਼ਰਾਨਾ ਭੇਂਟ ਦੇ ਕੇ ਭੇਜਿਆ ਅਤੇ ਸਿੱਖ ਸ਼ਕਤੀ ਅੱਗੇ ਆਪਣਾ ਸਿਰ ਝੁਕਾਇਆ ਅਤੇ ਇੰਜ ਫਤਿਹ ਦੇ ਨਗਾਰੇ ਵਜਾਉਂਦੇ ਹੋਏ ਸਿੱਖ ਦਲਾਂ ਨੇ ਸ਼ਹਿਰ ਦਾ ਘੇਰਾ ਉਠਾ ਲਿਆ। ਅਬਦਾਲੀ ਨੂੰ ਝੁਕਾਉਣਾ ਹੀ ਉਹਨਾਂ ਦਾ ਉਦੇਸ਼ ਸੀ, ਜਿਸ ਵਿਚ ਉਹਨਾਂ ਪੂਰਨ ਸਫਲਤਾ ਪ੍ਰਾਪਤ ਕੀਤੀ ਸੀ।

ਅਹਿਮਦ ਸ਼ਾਹ ਅਬਦਾਲੀ ਨੂੰ ਮਰਹੱਟਿਆਂ ਅਤੇ ਭਰਤਪੁਰੀਏ ਜਾਟਾਂ ਨੂੰ ਦਬਾਉਂਦਿਆਂ ਹੋਇਆਂ ਹਿੰਦੁਸਤਾਨ ਵਿਚ ਕੋਈ ਡੇਢ ਵਰ੍ਹਾ ਹੋ ਗਿਆ ਸੀ, ਸੋ ਉਸਨੂੰ ਆਪਣੇ ਘਰ ਦੀ ਕਾਹਲੀ ਸੀ। ਬੇਸ਼ੁਮਾਰ ਲੁੱਟ ਦਾ ਮਾਲ-ਅਸਬਾਬ ਨਾਲ ਲਿਜਾਣ ਦੇ ਨਾਲ ਨਾਲ ਉਸ ਹਜ਼ਾਰਾਂ ਲੋਕਾਂ ਨੂੰ ਗ਼ੁਲਾਮ ਬਣਾ ਲਿਆ ਅਤੇ ੨੨੦੦ ਸੁੰਦਰ ਨੌਜੁਆਨ ਇਸਤ੍ਰੀਆਂ ਨੂੰ ਵੀ ਕੈਦੀ ਬਣਾ ਕੇ ਅਫ਼ਗਾਨਿਸਤਾਨ ਦੇ ਰਾਹ ਤੁਰ ਪਿਆ।

ਉਹ ਜਿਥੋਂ ਜਿਥੋਂ ਵੀ ਗਡਿਆਂ ਉਤੇ ਸੰਗਲਾਂ ਨਾਲ ਨੂੜੀਆਂ ਲੰਘਦੀਆਂ, ਹਾਲ ਪੁਕਾਰ ਪਾਉਂਦੀਆਂ ਜਾਂਦੀਆਂ, ਪਰ ਕਿਸੇ ਵੀ ਹਿੰਦੂ ਕਸ਼ੱਤਰੀ, ਰਾਜਪੂਤ ਰਾਣੇ, ਮਰਾਠੇ ਜਾਂ ਜਾਟ ਨੇ ਉਹਨਾਂ ਬਦਨਸੀਬ ਬੱਚੀਆਂ ਦੀ ਬੰਦ-ਖਲਾਸ ਕਰਾਉਣ ਦੇ ਇਰਾਦੇ ਨਾਲ ਆਪਣੀਆਂ ਤਲਵਾਰਾਂ ਮਿਆਨੋਂ ਬਾਹਰ ਨਾ ਕੀਤੀਆਂ। ਮਰਹੱਟੇ ਤਾਂ ਪਾਣੀਪਤ ਦੀ ਤੀਜੀ ਲੜਾਈ ਵਿਚ ਭਾਂਜ ਖਾ ਕੇ ਅਜਿਹੇ ਸਿਰ ਸੁਟ ਕੇ ਪਏ ਕਿ ਉਹਨਾਂ ਵਿਚ ਧੌਣ ਉੱਚੀ ਕਰਨ ਦੀ ਵੀ ਸ਼ਕਤੀ ਨਾ ਰਹੀ। ਇਹਨਾਂ ਬੱਚੀਆਂ ਦੇ ਮਾਂ ਬਾਪ ਤੇ ਭਰਾ ਉਹਨਾਂ ਦੇ ਗਡਿਆਂ ਦੇ ਨਾਲ ਨਾਲ ਹਾਲ੍ਹ-ਦੁਹਾਈ ਤੇ ਵਾਸਤੇ ਪਾਉਂਦੇ ਤੁਰਦੇ ਰਹੇ, ਪਰ ਉਹਨਾਂ ਦੀ ਦਾਦ-ਫ਼ਰਿਆਦ ਕਿਸੇ ਨਹੀਂ ਸੁਣੀ। ਅਬਦਾਲੀ ਦੀ ਖ਼ੂਨੀ ਤੇਗ ਦਾ ਡਰ ਉਹਨਾਂ ਦੇ ਦਿਲਾਂ ਵਿਚ ਅਜਿਹਾ ਘਰ ਕਰ ਗਿਆ ਕਿ ਉਹ ਉਸਦੇ ਨਾਂ ਤੋਂ ਹੀ ਥਰ ਥਰ ਕੰਬਣ ਲਗਦੇ। ਅਖ਼ੀਰ ਰੋਂਦੇ ਧੋਂਦੇ ਇਹ ਲੋਕ ਜਦੋਂ ਅੰਮ੍ਰਿਤਸਰ ਦੇ ਨੇੜੇ ਪੁਜੇ ਤਾਂ ਆਸ ਦੀ ਇਕ ਕਿਰਨ ਇਹਨਾਂ ਦੁਖੀਆਂ ਦੀ ਨਜ਼ਰ ਪਈ ਤੇ ਹਾਲ੍ਹ ਦੁਹਾਈ ਪਾਉਂਦੇ ਹੋਏ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਆ ਹਾਜ਼ਰ ਹੋਏ ਤੇ ਵਾਹਿਗੁਰੂ ਦੇ ਸਾਖਸ਼ਾਤ ਸਪੁੱਤਰ ਖਾਲਸਾ ਪੰਥ ਦੇ ਅੱਗੇ ਪੁਕਾਰ ਕੀਤੀ।

ਇਸ ਸਮੇਂ ਸਿੱਖਾਂ ਦੇ ਸਮੂਹ ਦਲ ਅਤੇ ਆਗੂ ਵੈਸਾਖੀ ਦਾ ਪੁਰਬ (੧੦ ਅਪ੍ਰੈਲ ੧੭੬੧) ਮਨਾਉਣ ਲਈ ਸ੍ਰੀ ਦਰਬਾਰ ਸਾਹਿਬ ਦੀ ਹਾਜ਼ਰੀ ਭਰ ਰਹੇ ਸਨ। ਦੁਖੀਆਂ ਦੀਆਂ ਚੀਕਾਂ, ਕੁਰਲਾਹਟਾਂ ਸੁਣ ਕੇ ਪੰਥ ਦੇ ਜਥੇਦਾਰ ਸ: ਜੱਸਾ ਸਿੰਘ ਆਹਲੂਵਾਲੀਏ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ। ਉਸਨੇ ਆਪਣੀ ਭਗਉਤੀ ਮਿਆਨੋਂ ਬਾਹਰ ਕੱਢ ਕੇ ਹਵਾ ਵਿਚ ਲਹਿਰਾਈ ਅਤੇ ਗਰਜ ਕੇ ਆਖਿਆ—

"ਖਾਲਸਾ ਜੀ, ਗੁਰੂ ਦਾ ਜੀਉਂਦਾ ਜਾਗਦਾ ਸਰੂਪ ਖਾਲਸਾ ਪੰਥ ਹੈ। ਇਹਨਾਂ ਦੁਖੀਆਂ ਅਤੇ ਮਜ਼ਲੂਮਾਂ ਨੇ ਅਜ ਖਾਲਸਾ ਪੰਥ ਅੱਗੇ ਪੁਕਾਰ ਕੀਤੀ ਹੈ। ਗੁਰੂ ਗੋਬਿੰਦ ਸਿੰਘ, ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ ਦਾ ਵਾਸਤਾ ਪਾਇਆ ਹੈ। ਗੁਰੂ ਤੇਗ ਬਹਾਦਰ ਜੀ ਨੇ ਤਿਲਕ ਅਤੇ ਜੰਞੂ ਦੀ ਰਖਿਆ ਅਤੇ ਮਜ਼ਹਬੀ ਆਜ਼ਾਦੀ ਲਈ ਚਾਂਦਨੀ ਚੌਕ ਵਿਚ ਆਪਣਾ ਸੀਸ ਭੇਟ ਕਰ ਦਿੱਤਾ ਸੀ, ਪਰੰਤੂ ਮਜ਼ਲੂਮ ਤੇ ਬੇਕਸ ਹਿੰਦੂਆਂ ਦੀ ਬਾਂਹ ਨਹੀਂ ਛੱਡੀ। ਮਜ਼ਲੂਮ ਹਿੰਦੂ ਧਰਮ ਦੀ ਰੱਖਿਆ ਲਈ ਗੁਰੂ ਗੋਬਿੰਦ ਸਿੰਘ, ਕਲਗੀਧਰ ਪਾਤਸ਼ਾਹ ਨੇ ਔਰੰਗਜ਼ੇਬ ਨਾਲ ਟੱਕਰ ਲਈ, ਤੇ ਉਸੇ ਆਸ਼ੇ ਨੂੰ ਲੈ ਕੇ ਖਾਲਸਾ ਪੰਥ ਅਜ ਵੀ ਜ਼ਾਲਮ ਬਦੇਸੀ ਹਮਲਾ-ਆਵਰਾਂ ਦੇ ਦੰਦ ਖੱਟੇ ਕਰਨ ਅਤੇ ਉਹਨਾਂ ਦਾ ਸਰਵਨਾਸ਼ ਕਰਨ ਲਈ ਵਚਨਬਧ ਹੈ ਤੇ ਲਗਾਤਾਰ ਜੂਝਦਾ ਚਲਾ ਆ ਰਿਹਾ ਹੈ। ਖਾਲਸਾ ਜੀ, ਅਸੀਂ ਆਪਣੇ ਦੇਸ਼ ਹਿੰਦੁਸਤਾਨ ਦੀ ਇੱਜ਼ਤ, ਗ਼ੈਰਤ ਤੇ ਆਬਰੂ ਨੂੰ ਕਿਸੀ ਸੂਰਤ ਵਿਚ ਵੀ ਨੀਲਾਮ ਹੁੰਦਾ ਨਹੀਂ



www.AKJ.Org

ਵੇਖ ਸਕਦੇ। ਅਜ ਫਿਰ ਦੁਖੀ ਹਿੰਦੂ ਵੀਰ ਗੁਰੂ ਘਰ ਤੇ ਖਾਲਸਾ ਪੰਥ ਅੱਗੇ ਆਪਣੀ ਦਾਦ-ਫ਼ਰਿਆਦ ਲੈ ਕੇ ਹਾਜ਼ਰ ਹੋਏ ਹਨ, ਗੁਰੂ ਦੀ ਸ਼ਰਨ ਆਏ ਹਨ। ਸੋ ਗੁਰੂ ਖਾਲਸਾ ਪੰਥ, 'ਜੋ ਸਰਣਿ ਆਵੈ, ਤਿਸੁ ਕੰਠਿ ਲਾਵੈ* ਦੇ ਮਹਾਂਵਾਕ ਅਨੁਸਾਰ ਆਪਨਾ ਲਹੂ ਡੋਲ੍ਹ ਕੇ ਵੀ ਆਪਣੀਆਂ ਧੀਆਂ ਭੈਣਾਂ ਦੀ ਰਖਿਆ ਕਰੇਗਾ। ਹੁਣ ਇਹ ਬੰਦੀ ਬਣਾਈਆਂ ਗਈਆਂ ਬੇਟੀਆਂ, ਇਨ੍ਹਾਂ ਮਜ਼ਲੂਮਾਂ ਦੀਆਂ ਨਹੀਂ, ਬਲਕਿ ਖਾਲਸਾ ਪੰਥ ਦੀਆਂ ਬੇਟੀਆਂ ਹਨ। ਉਠੋ ਖਾਲਸਾ ਜੀ, ਧੂਹ ਲਓ ਆਪਣੀਆਂ ਚਮਕੀਲੀਆਂ ਭਗਉਤੀਆਂ, ਸੰਭਾਲੋ ਆਪਣੇ ਤੁਫੰਗ ਤੇ ਗੁਰੂ ਦਾ ਆਸਰਾ ਲੈ ਕੇ, ਅਬਦਾਲੀ ਦੀਆਂ ਫ਼ੌਜਾਂ ਤੇ ਟੁੱਟ ਪਉ, ਤਾਂ ਜੁ ਉਸਦੇ ਦਿਲ ਵਿਚ ਕੋਈ ਭੁਲੇਖਾ ਨਾ ਰਹੇ ਕਿ ਜ਼ਰੇ-ਜ਼ਮੀਨ ਹਿੰਦੁਦਸਤਾਨ ਵਿਚ ਐਸੀ ਕੋਈ ਗ਼ੈਰਤ-ਮੰਦ ਕੌਮ ਰਹੀ ਹੀ ਨਹੀਂ, ਜੋ ਉਸ ਨਾਲ ਟਕਰਾਅ ਸਕੇ ਅਤੇ ਆਪਣੀਆਂ ਕੈਦੀ ਬੇਟੀਆਂ ਨੂੰ ਛੁੜਾ ਸਕੇ।

"ਖਾਲਸਾ ਜੀ, ਅਸਾਂ ਉਸ ਧਾੜਵੀ ਨਾਲ ਲੋਹਾ ਲੈ ਕੇ ਉਸ ਦਾ ਇਹ ਭੁਲੇਖਾ ਦੂਰ ਕਰਨਾ ਹੈ, ਕਿ ਹਿੰਦੁਸਤਾਨ ਵਿਚ ਅਤੇ ਖਾਸ ਤੌਰ ਤੇ ਪੰਜਾਬ ਦੀ ਧਰਤੀ ਤੇ ਅਜੇ ਇਕ ਗ਼ੈਰਤ-ਮੰਦ ਕੌਮ, ਜੀਉਂਦੀ ਜਾਗਦੀ ਵਸ ਰਹੀ ਹੈ, ਅਤੇ ਉਹ ਹੈ, ਗੁਰੂ ਗੋਬਿੰਦ ਸਿੰਘ ਦੀ ਸਾਜੀ ਨਿਵਾਜੀ ਸਿੱਖ ਕੌਮ, ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਨਿਵਾਜਿਆ ਖਾਲਸਾ ਪੰਥ, ਜੋ ਆਖਰੀ ਦਮ ਤਕ ਨਾਦਰਾਂ ਤੇ ਅਬਦਾਲੀਆਂ ਦਾ ਡਟਵਾਂ ਟਾਕਰਾ ਕਰਦਾ ਰਹੇਗਾ, ਜਦ ਤਕ ਕਿ ਸਾਡਾ ਦੇਸ਼ ਹਿੰਦੁਸਤਾਨ, ਸਾਡਾ ਪਿਆਰਾ ਪੰਜਾਬ ਆਜ਼ਾਦ ਨਹੀਂ ਹੋ ਜਾਂਦਾ। ਸੋ ਸਾਂਡਾ ਆਜ਼ਾਦੀ ਲਈ ਛੋਹਿਆ ਸੰਘਰਸ਼ ਜਾਰੀ ਰਹੇਗਾ।"

ਉਸੇ ਸਮੇਂ ਅਕਾਲ ਤਖ਼ਤ ਤੇ ਅਰਦਾਸਾ ਸੋਧਿਆ ਗਿਆ, ਤੇ ਸਿੱਖ ਦਲਾਂ ਦੇ ਕਾਫ਼ਲੇ ਅਬਦਾਲੀ ਦੇ ਫੌਜੀ ਕਾਵਲ ਤੇ ਗੋਇੰਦਵਾਲ ਦੇ ਪਤਣ ਤੇ ਟੁੱਟ ਕੇ ਪੈ ਗਏ ਤੇ ਅਜਿਹੇ ਸੂਰਮਗਤੀ ਦੇ ਜੌਹਰ ਦਸੇ ਕਿ ਲੁਟੇਰਿਆਂ ਨੂੰ ਆਪਣੀਆਂ ਜਾਨਾਂ ਦੀ ਪੈ ਗਈ, ਤੇ ਇੰਜ ਅਬਦਾਲੀ ਦੀਆਂ ਫੌਜਾਂ ਦਾ ਸੱਥਰ ਲਾਹੁੰਦੇ ਹੋਏ ਖਾਲਸੇ ਨੇ ਬਾਈ ਸੌ ਹਿੰਦੂ ਯੁਵਤੀਆਂ ਨੂੰ ਛੁਡਾ ਲਿਆ, ਅਤੇ ਹਰੇਕ ਯੁਵਤੀ ਨੂੰ ਉਹਨਾਂ ਦੇ ਵਾਰਸਾਂ ਦੇ ਹਵਾਲੇ ਕੀਤਾ।

ਜਿਥੇ 'ਅਬਦਾਲੀ' ਨੂੰ ਇਹ ਪ੍ਰਸੰਨਤਾ ਸੀ ਕਿ ਉਹ ਮਰਹੱਟਾ-ਸ਼ਕਤੀ ਨੂੰ ਨਸ਼ਟ ਕਰ ਕੇ ਤੇ ਤਖ਼ਤ-ਦਿਲੀ ਉਤੇ ਆਪਣੇ ਚਹੇਤੇ ਨੂੰ ਬਿਠਾ ਕੇ, ਦੇਸ਼ ਵਿਚ ਆਪਣਾ ਰੋਹਬ-ਦਾਬ ਜਮਾ ਕੇ ਵਾਪਸ ਆਪਣੇ ਦੇਸ਼ ਅਫ਼ਗਾਨਿਸਤਾਨ ਪਰਤ ਰਿਹਾ ਸੀ, ਉਥੇ ਸਿੱਖ ਦਲਾਂ ਦੀ ਇਸ ਅਚਾਨਕ ਚੁਨੌਤੀ ਅਤੇ ਹਮਲੇ ਨੇ ਉਸਦੇ ਮਨ ਨੂੰ ਕੋੜਾ-ਕਸੈਲਾ ਕਰ ਦਿਤਾ ਸੀ, ਤੇ ਉਹ ਕੌੜੇ ਕਸੈਲੇ ਦਿਲ ਨਾਲ ਹੀ ਅਫ਼ਗਾਨਿਸਤਾਨ ਨੂੰ ਮੁੜ ਗਿਆ, ਅੱਗ ਖਾਂਦਾ ਤੇ ਅੰਗਿਆਰ ਉਗਲਦਾ ਹੋਇਆ।

—'ਸੀਸਗੰਜ, ਮਾਰਚ ੮੬

* ਬਿਹਾਗੜਾ ਮ: ੫ (੪॥੧॥੪) ਪੰਨਾ ੫੪੪


## ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਸਚਖੰਡ ਦਰਸ਼ਨ ੧-੭੫ ਦਰਸ਼ਨ ਝਲਕਾਂ | ੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਵਾਹਿਗੁਰੂ ਸਿਮਰਨ | ੦-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ? | ੦-੪੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |





www.AKJ.Org

# ਸਕਤਾ ਸੀਹੁ ਮਾਰੇ ਪੈ ਵਗੈ

[ਪ੍ਰਿੰਸੀਪਲ ਸੁਜਾਨ ਸਿੰਘ ਜੀ]

ਰਾਜ ਸਾਜ ਹਮ ਪਰ ਜਬ ਆਯੋ ॥ ਜਥਾ ਸਕਤ ਤਬ ਧਰਮ ਚਲਾਯੋ ॥
ਭਾਂਤਿ ਭਾਂਤਿ ਬਨ ਖੇਲ ਸਿਕਾਰਾ ॥ ਮਾਰੇ ਰੀਛ ਰੋਝ ਝੰਖਾਰਾ ॥੧॥.....
ਤਹ ਕੇ ਸਿੰਘ* ਘਨੇ ਚੁਨਿ ਮਾਰੇ ॥ ਰੋਝ ਰੀਛ ਬਹੁ ਭਾਂਤਿ ਬਿਦਾਰੇ ॥੨॥ ...

*[ਸਿੰਘ = ਸ਼ੇਰ] —ਬਚਿਤ੍ਰ ਨਾਟਕ, ਭੰਗਾਣੀ ਜੁਧ

ਧਰਮ ਅਵਤਾਰ ਸ੍ਰੀ ਕਲਗੀਧਰ ਜੀ ਜਦ ਭਰੇ ਦਰਬਾਰ ਵਿੱਚ ਨਾਹਣੇਸ਼ ਮੇਦਨੀ ਪ੍ਰਕਾਸ਼ ਤੇ ਗੜ੍ਹਵਾਲ-ਨਰੇਸ਼ ਫ਼ਤਿਹ ਸ਼ਾਹ ਦੀ ਸੁਲਹ ਕਰਾ ਕੇ ਆਪੋ ਵਿੱਚ ਜੱਫੀਆਂ ਪੁਆ ਚੁੱਕੇ ਤਾਂ ਉਨ੍ਹਾਂ ਨੂੰ ਉਪਦੇਸ਼ ਦਿੱਤਾ, "ਪਹਿਲੀਆਂ ਗੱਲਾਂ ਤੇ ਚੜ੍ਹੋਖਤੀਆਂ ਨੂੰ ਵਿਸਾਰਿਆਂ ਹੀ ਵੈਰ ਘਟਦਾ ਹੈ ਤੇ ਪ੍ਰੇਮ ਵਧਦਾ ਹੈ। ਮੇਲ ਵਿਚ ਬਲ ਹੈ : ਇਕ 'ਕੱਲਾ, ਦੋ ਯਾਰਾਂ। ਬੇਇਨਸਾਫ਼ੀ ਤੇ ਅਧਰਮ ਦਾ ਟਾਕਰਾ ਏਕਤਾ ਨਾਲ ਕੀਤਾ ਜਾ ਸਕਦਾ ਹੈ। ਸਾਡਾ ਨਿਸ਼ਾਨਾ ਪ੍ਰਿਥਵੀ ਤੇ ਸ਼ਾਂਤੀ, ਪ੍ਰੇਮ ਤੇ ਧਰਮ-ਇਨਸਾਫ਼ ਦਾ ਸਾਂਝਾ ਰਾਜ ਸਥਾਪਤ ਕਰਨਾ ਹੈ। ਸਾਡੀ ਗੱਦੀ ਨੇ ਰਾਜ ਤੇ ਮਾਲ ਦੀਆਂ ਮੱਲਾਂ ਨਹੀਂ ਮਾਰਨੀਆਂ। ਇਹ ਰੂਹਾਨੀ ਗੱਦੀ ਹੈ, ਪਰ ਇਹ ਬੇਇਨਸਾਫ਼ੀ ਤੇ ਜ਼ੁਲਮ ਨੂੰ ਨਹੀਂ ਸਹਾਰਦੀ। ਇਹ ਹੋਰਨਾਂ ਤੇ ਕੀਤੇ ਜ਼ੁਲਮ ਤੇ ਧੱਕੇ ਨੂੰ ਵੀ ਨਹੀਂ ਸਹਾਰਦੀ। ਤੁਸਾਂ ਸਾਡੇ ਕਹੇ ਤੇ ਸਿਰ ਜੋੜੇ ਹਨ, ਸਿੱਖੀ ਦੇ ਆਸ਼ੇ ਨੂੰ ਗ੍ਰਹਿਣ ਕਰਨ ਦੇ ਰਸਤੇ ਪਏ ਹੋ, ਜਦ ਤਕ ਤੁਸੀਂ ਧਰਮ-ਇਨਸਾਫ਼, ਮੇਲ ਤੇ ਸ਼ਾਂਤੀ ਦੇ ਰਸਤੇ ਚਲੋਗੇ, ਇਹ ਸਤਿਗੁਰੂ ਹਰਿਗੋਬਿੰਦ ਜੀ ਦੀ ਮੀਰੀ-ਪੀਰੀ ਦੀ ਗੱਦੀ ਤੁਹਾਡੀ ਸਹਾਈ ਹੋਵੇਗੀ।"

ਸ੍ਰੀ ਨਗਰ-ਗੜ੍ਹਵਾਲ ਦੇ ਰਾਜੇ ਫ਼ਤਿਹ ਸ਼ਾਹ ਤੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਨੇ ਸੱਤ ਬਚਨ ਕਹਿਣ ਦੇ ਰੂਪ ਵਿਚ ਸਤਿਕਾਰ ਨਾਲ ਗੁਰੂ ਜੀ ਅੱਗੇ ਮੱਥਾ ਟੇਕਿਆ। ਦੀਵਾਨ ਦੀ ਸਮਾਪਤੀ ਹੋਈ ਤਾਂ ਦੋਹਾਂ ਰਾਜਿਆਂ ਦੀਆਂ ਫ਼ੌਜਾਂ ਨੇ ਬੜੀਆਂ ਖੁਸ਼ੀਆਂ ਕੀਤੀਆਂ। ਦੋਹਾਂ ਰਾਜਿਆਂ ਤੇ ਉਨ੍ਹਾਂ ਦੀਆਂ ਸੈਨਾਂ ਦੇ ਰਹਿਣ, ਖਾਣ-ਪੀਣ, ਆਦਿ ਦਾ ਯਥਾ ਯੋਗ ਪਰਬੰਧ ਸਤਿਗੁਰੂ ਜੀ ਵਲੋਂ ਹੋ ਚੁੱਕਾ ਸੀ।

ਇਸ ਸਮੇਂ ਇਕ ਖੋਜੀ ਪਹਾੜੀਆ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਇਆ ਅਤੇ ਸ੍ਰੀ ਗੁਰੂ ਜੀ ਨੂੰ ਖ਼ਬਰ ਦਿਤੀ ਕਿ ਇਕ ਮਹਾਂਬਲੀ ਸ਼ੇਰ ਲਾਗਲੇ ਪਹਾੜਾਂ ਵਿਚ ਆਇਆ ਹੈ ਅਤੇ ਪਹਾੜੀ ਗ੍ਰਾਂਵਾਂ ਦੇ ਲੋਕਾਂ ਦੀਆਂ ਗਊਆਂ ਅਤੇ ਹੋਰ ਮਾਲ-ਡੰਗਰ ਦਾ ਬੜਾ ਨੁਕਸਾਨ ਕਰ ਰਿਹਾ ਹੈ। ਉਸ ਦੇ ਪਗ-ਚਿੰਨ੍ਹਾਂ ਜਿੱਡੇ ਨਿਸ਼ਾਨ ਅੱਗੇ ਕਦੀ ਨਹੀਂ ਦੇਖੇ ਗਏ। ਸੂਹੀਏ ਨੇ ਬੇਨਤੀ ਕੀਤੀ ਕਿ ਆਪ ਇਸ ਜ਼ਾਲਮ ਸ਼ੇਰ ਤੋਂ ਨਾਹਨ ਰਾਜ ਦੀ ਪਰਜਾ ਦੀ ਰਖਿਆ ਕਰੋ।

ਸਤਿਗੁਰੂ ਮੁਸਕਰਾਏ ਤੇ ਬਚਨ ਕੀਤਾ, "ਭਾਈ, ਤੂੰ ਸਮੇਂ ਸਿਰ ਆ ਗਿਆ ਹੈਂ। ਤੂੰ ਅੱਜ ਇਥੇ ਹੀ ਰਹੁ ਅਤੇ ਕਲ੍ਹ ਸਾਡੇ ਨਾਲ ਚੱਲ ਕੇ ਸ਼ੇਰ ਦੇ ਪਗ-ਚਿੰਨ੍ਹ ਦੇਖ ਕੇ ਸਾਨੂੰ ਉਥੇ ਲੈ ਚਲੀਂ। ਸਾਡੇ ਨਾਲ ਤੁਹਾਡੇ ਰਾਜਾ ਜੀ ਤੇ ਸ੍ਰੀ ਨਗਰ ਨਰੇਸ਼ ਫ਼ਤਿਹ ਸ਼ਾਹ ਵੀ ਹੋਣਗੇ। ਸ਼ਿਕਾਰ ਦਾ ਚੰਗਾ ਰੰਗ ਬਝੇਗਾ।"

ਇਹ ਕਹਿ ਕੇ ਸਤਿਗੁਰੂ ਜੀ ਨੇ ਇਕ ਸ਼ਸਤਰ-ਧਾਰੀ ਸਿੱਖ ਨੂੰ ਅਦੇਸ਼ ਕੀਤਾ ਕਿ ਉਹ ਉਸ ਦੇ ਰਹਿਣ-ਬਹਿਣ ਤੇ ਖਾਣ-ਪੀਣ ਦਾ ਭਲੀ ਭਾਂਤ ਪਰਬੰਧ ਕਰ ਦੇਵੇ। ਦੋਵੇਂ ਜਣੇ ਹੱਥ ਜੋੜ, ਸੀਸ ਨਿਵਾ ਹਜ਼ੂਰੀ ਵਿਚੋਂ ਪਿਛਲੇ ਪੈਰੀਂ ਪਰਤ ਗਏ।

ਦੂਸਰੇ ਦਿਨ ਆਸਾ ਦੀ ਵਾਰ ਦੇ ਦੀਵਾਨ ਦੀ ਸਮਾਪਤੀ ਮਗਰੋਂ ਸ਼ਿਕਾਰ ਦੀ ਤਿਆਰੀ ਝਟ ਪਟ ਹੋ ਗਈ, ਕਿਉਂਕਿ ਬਹੁਤ ਸਾਰੀ ਤਿਆਰੀ ਤਾਂ ਬੀਤੀ ਸ਼ਾਮ ਤੇ ਰਾਤ ਨੂੰ ਹੀ ਹੋ ਚੁੱਕੀ ਸੀ। ਰਣਜੀਤ ਨਗਾਰੇ ਤੇ ਚੋਟ ਪੈਂਦਿਆਂ ਹੀ ਮਾਨੋ ਅਕਾਸ਼ ਵਿਚ ਬੱਦਲ ਗੱਜਣ ਲਗੇ। ਸਤਿਗੁਰੂ ਜੀ ਦੇ ਸ਼ਸਤਰ-ਧਾਰੀ ਕਵਾਇਦਾਨ ਸਿੱਖਾਂ ਵਿਚੋਂ ਚੋਣਵੇਂ ਤੇ ਦੋਹਾਂ ਰਾਜਿਆਂ ਦੀਆਂ ਫ਼ੌਜਾਂ ਦੇ ਵਿਸ਼ੇਸ਼ ਘੋੜ-ਸਵਾਰ ਦਸਤੇ ਸਥਾਨ ਸਥਾਨ ਅਨੁਸਾਰ ਪੰਕਤੀ-ਬੱਧ ਹੋ ਗਏ।



www.AKJ.Org

ਸਤਿਗੁਰੂ ਆਸਾਮ ਦੇ ਰਾਜਾ ਰਤਨ ਰਾਇ ਦੇ ਭੇਟਾ ਕੀਤੇ ਪ੍ਰਸਾਦੀ ਹਾਥੀ ਤੇ ਅਸਵਾਰ ਹੋਏ। ਫ਼ਤਿਹ ਸ਼ਾਹ ਤੇ ਮੇਦਨੀ ਪ੍ਰਕਾਸ਼ ਆਪੋ ਆਪਣਿਆਂ ਹਾਥੀਆਂ ਦੇ ਹੌਦਿਆਂ ਵਿਚ ਬੈਠੇ। ਅੱਗੇ ਪਹਾੜੀ ਸੂਹੀਆ ਲੱਗਾ ਤੇ ਇਸ ਤਰ੍ਹਾਂ ਇਹ ਸ਼ਿਕਾਰੀ ਮੁਹਿੰਮ ਰਵਾਨਾ ਹੋਈ।

ਕੁਝ ਕੋਹ ਲਗ ਪਗ ਪਧਰੀ ਧਰਤੀ ਤੇ ਤੁਰਨ ਮਗਰੋਂ ਇਹ ਸ਼ਿਕਾਰੀ ਕਾਫ਼ਲਾ ਪਹਾੜੀ ਇਲਾਕੇ ਵਿਚ ਦਾਖ਼ਲ ਹੋਇਆ। ਪਹਿਲੋਂ ਕੰਡੇਦਾਰ ਝਾੜ-ਝਾੜੀਆਂ ਦਾ ਖੇਤਰ ਸ਼ੁਰੂ ਹੋਇਆ। ਇਕ ਪੱਬੀ ਉਲੰਘ ਕੇ ਇਕ ਪਹਾੜੀ ਆਈ। ਇਸ ਦੇ ਪੈਰਾਂ ਵਿਚ ਤੇ ਢਲਵਾਨਾਂ ਤੇ ਬੇਰੀਆਂ, ਕਿੱਕਰ, ਕਰੰਜ, ਫਲਾਹੀ ਤੇ ਖੈਰ ਦੇ ਦਰੱਖ਼ਤ ਇਕ ਦੂਜੇ ਵਿਚ ਪਰੁੱਚੇ ਹੋਏ ਸਨ। ਵਿਚੋਂ ਦੀ ਕਿਤੇ ਕਿਤੇ ਪਗਡੰਡੀਆਂ ਸਨ, ਜਿਨ੍ਹਾਂ ਤੋਂ ਨਾ ਕੇਵਲ ਪਹਾੜੀ ਖੋਜੀ ਸਗੋਂ ਸਾਹਿਬਾਂ ਨਾਲ ਸ਼ਿਕਾਰ ਤੇ ਚੜ੍ਹਦੇ ਰਹਿਣ ਕਾਰਨ ਸਿੱਖ ਵੀ ਭਲੀ ਪ੍ਰਕਾਰ ਜਾਣੂ ਸਨ। ਇਸ ਪਹਾੜੀ ਦੀਆਂ ਉਪਰਲੀਆਂ ਧਾਂਰਾਂ ਤੇ ਚੀਲ੍ਹ ਤੇ ਸਾਹਲ ਤੇ ਹਰਿਆਵਲੇ ਜੰਗਲ ਸਨ, ਜਿਨ੍ਹਾਂ ਵਿਚ ਦਿਨ ਵੇਲੇ ਵੀ ਰਾਤ ਪਈ ਰਹਿੰਦੀ ਸੀ। ਇਸ ਪਹਾੜੀ ਨੂੰ ਲੰਘ ਕੇ ਇਹਨਾਂ ਦੋਹਾਂ ਧਾਰਾਂ ਦੀ ਵਿਚਲੀ ਵਾਦੀ ਨੂੰ ਰਾਹ ਜਾਂਦਾ ਸੀ। ਖੋਜੀ ਨੇ ਉਸ ਪਾਸੇ ਦਾ ਰੁਖ਼ ਕੀਤਾ ਤੇ ਮਗਰੇ ਸਤਿਗੁਰੂ ਦੀ ਅਗਵਾਈ ਵਿਚ ਦੋਵੇਂ ਰਾਜਿਆਂ ਤੇ ਫ਼ੌਜੀ ਦਸਤਿਆਂ ਨੇ।

ਇਸ ਪਹਾੜੀ ਉਤੋਂ ਵਾਦੀ ਵਿਚਲੇ ਪੰਜ ਪੰਜ ਦਸ ਦਸ, ਦੋ ਢਾਲਾਂ ਵਾਲੀਆਂ ਛੱਤਾਂ ਵਾਲੇ ਕੱਚੇ, ਇਕ ਦੂਜੇ ਤੋਂ ਹਟਵੇਂ, ਉੱਚੀ ਨੀਵੀਂ ਥਾਂ ਦੇ ਬਣੇ ਘਰਾਂ ਵਾਲੇ ਪਿੰਡ ਦਿਸ ਰਹੇ ਸਨ। ਕਈ ਪਿੰਡ ਧਾਰਾਂ ਦੀਆਂ ਢਲਵਾਨਾਂ ਤੇ ਵੀ ਬਣੇ ਸਨ, ਜਿਨ੍ਹਾਂ ਦੇ ਆਲੇ-ਦੁਆਲੇ ਸਾਉਣੀ ਦੀਆਂ ਹਰਿਆਵਲੀਆਂ ਫ਼ਸਲਾਂ ਪੌੜੀਦਾਰ ਖੇਤਾਂ ਵਿਚ ਲਹਿਲਹਾ ਰਹੀਆਂ ਸਨ ਤੇ ਦੁਆਲੇ ਦੇ ਘਣੇ ਜੰਗਲਾਂ ਨੇ ਉਨ੍ਹਾਂ ਨੂੰ ਘੇਰਿਆ ਹੋਇਆ ਸੀ। ਇਥੇ ਸਤਿਗੁਰਾਂ ਹਾਥੀ ਤੋਂ ਉਤਰ ਕੇ ਘੋੜੇ ਦੀ ਸਵਾਰੀ ਕਰ ਲਈ। ਵਾਦੀ ਵਿਚ ਉਤਰ ਕੇ ਇਹ ਸ਼ਿਕਾਰੀ ਮੁਹਿੰਮ, ਵਾਦੀ ਵਿਚ ਵਗਦੇ ਨਾਲੇ ਦੇ ਨਾਲ ਨਾਲ ਚਲਦੇ ਇਕ ਅਨਿਸਚਿਤ ਵਿੰਗਾਂ-ਵਲਾਂ ਵਾਲੇ ਤੰਗ ਰਾਹ ਉੱਤੇ, ਜੋ ਉਚਾਣ ਵੱਲ ਜਾ ਰਿਹਾ ਸੀ, ਵਧਣ ਲੱਗੀ।

ਗੁਰੂ ਜੀ ਦੋਹੀਂ ਪਾਸੀਂ ਘੋੜਿਆਂ ਤੇ ਸਵਾਰ ਦੋਹਾਂ ਰਾਜਿਆਂ ਨੂੰ ਕਹਿ ਰਹੇ ਸਨ, "ਸਾਡੇ ਲਈ ਸ਼ਿਕਾਰ ਕੋਈ ਖੇਲ ਨਹੀਂ, ਨਾ ਹੀ ਰਾਜਿਆਂ-ਰਜਵਾੜਿਆਂ ਵਾਂਗ ਜੀ-ਪਰਚਾਵਾ ਜਾਂ ਐਸ਼ ਇਸ਼ਰਤ ਦਾ ਵਿਖਾਵਾ ਹੈ। ਸ਼ਿਕਾਰ ਸਾਡੇ ਲਈ ਲੋਕਾਂ ਦੀ ਰੱਖਿਆ ਦਾ ਉਪਰਾਲਾ ਤੇ ਜੁੱਧ ਦਾ ਅਭਿਆਸ ਹੈ।"

ਰਾਜਾ ਫ਼ਤਿਹ ਸ਼ਾਹ ਨੇ ਆਦਰ ਸਹਿਤ ਪੁੱਛਿਆ, "ਸ੍ਰੀ ਸਤਿਗੁਰੂ ਜੀ, ਇਹ ਕਿੱਦਾਂ ?"

ਸਤਿਗੁਰਾਂ ਦਸਿਆ, "ਦੇਖੋ, ਰਾਜਾ ਜੀ, ਕੁਝ ਭਿਆਨਕ ਜੰਗਲੀ ਜੰਤੂ ਹਨ, ਜਿਸ ਤਰ੍ਹਾਂ ਸੂਅਰ ਤੇ ਰਿੱਛ, ਜੋ ਕਿਰਸਾਣਾਂ ਦੀਆਂ ਫਲੀਆਂ ਫ਼ਸਲਾਂ ਉਜਾੜਦੇ ਹਨ ਅਤੇ ਰੋਕਣ ਤੇ ਹਿੰਸਕ ਬਣ ਜਾਂਦੇ ਹਨ। ਕਿਰਸਾਣਾਂ ਦੀ ਰੱਖਿਆ ਲਈ ਇਨ੍ਹਾਂ ਨੂੰ ਮਾਰਨਾ ਵਿਹਿਤ ਹੈ। ਪਰ ਕਈ ਰਾਜੇ ਇਨ੍ਹਾਂ ਨੂੰ ਮਾਰਨ ਦੀ ਖੇਡ ਲਈ ਕਿਰਸਾਨਾਂ ਦੀਆਂ ਫ਼ਸਲਾਂ ਹੀ ਉਜਾੜ ਦਿੰਦੇ ਹਨ। ਉਹ ਆਪਣੇ ਇਕ ਜ਼ਰੂਰੀ ਫ਼ਰਜ਼ ਤੋਂ ਅਨਜਾਣ ਹਨ।"

ਰਾਜਾ ਮੇਦਨੀ ਪ੍ਰਕਾਸ਼ ਨੇ ਕਿਹਾ, "ਪ੍ਰਭੂ ਸਤਿਗੁਰੂ, ਇਹ ਤਾਂ ਆਪ ਨੇ ਸਾਡੇ ਫ਼ਰਜ਼ ਦੀ ਚੇਤਾਵਨੀ ਕਰਾਈ ਹੈ, ਜਿਸ ਨੂੰ ਅਸੀਂ ਲੋਕ ਬਜ਼ੁਰਗਾਂ ਤੋਂ ਲੈ ਕੇ ਭੁੱਲ ਚੁੱਕੇ ਸਾਂ।"

ਕਲਗੀਧਰ ਜੀ ਨੇ ਫ਼ੁਰਮਾਇਆ, "ਨਾਹਣੇਸ਼ ! ਸ਼ੇਰ, ਬਾਘ, ਚੀਤੇ ਆਦਿ ਦਾ ਆਹਾਰ ਤਾਂ ਕੁਦਰਤ ਵਲੋਂ ਠੀਕ ਮਾਸ ਹੀ ਹੈ। ਪਰ ਉਨ੍ਹਾਂ ਨੂੰ ਆਖੇਟ ਕਰ ਕੇ ਜੰਗਲੀ ਜੰਤੂਆਂ ਦਾ ਮਾਸ ਪ੍ਰਾਪਤ ਕਰਨਾ ਚਾਹੀਦਾ ਹੈ। ਆਖੇਟ ਵਿਚ ਸ਼ਿਕਾਰ ਨੂੰ ਆਪਣੇ ਬਚਾ ਲਈ ਨੱਸਣ ਜਾਂ ਹਮਲਾ ਕਰਨ ਲਈ ਪੂਰਾ ਮੌਕਾ ਦਿਤਾ ਜਾਂਦਾ ਹੈ। ਪਰ ਕਈ ਵਾਰ ਸ਼ੇਰ ਆਦਿ ਹਿੰਸਕ ਜੰਤਾਂ ਦੇ ਹੱਡਾਂ ਵਿਚ ਹਰਾਮ ਪੈ ਜਾਂਦਾ ਹੈ। ਇਹ ਆਪਣੀ ਰੱਖਿਆ ਨਾ ਕਰ ਸੱਕਣ ਵਾਲੇ ਪਾਲਤੂ ਪਸ਼ੂਆਂ ਨੂੰ ਹੀ ਮਾਰ ਕੇ ਖਾਣ ਲੱਗ ਪੈਂਦੇ ਹਨ ਤੇ ਗ੍ਰਾਮ ਨਿਵਾਸੀਆਂ ਤੇ ਹਮਲਾ ਵੀ ਕਰ ਦਿੰਦੇ ਹਨ। ਇਨ੍ਹਾਂ ਤੋਂ ਪਸ਼ੂਆਂ ਤੇ ਕਿਰਸਾਨਾਂ ਦੀ ਰੱਖਿਆ ਜੋਧੇ ਦਾ ਧਰਮ ਹੈ। ਦੂਜੇ ਬੰਨੇ ਇਹ ਜੋਧੇ ਲਈ ਜੁਧ ਦਾ ਅਭਿਆਸ ਹੈ। ਜੋਧੇ ਦੀ ਹਿੰਸਕ ਜੀਵਾਂ ਨਾਲ ਟੱਕਰ ਉਸ ਦਾ ਹੌਸਲਾ ਵਧਾਉਂਦੀ ਹੈ ਤੇ ਉਸ ਵਿਚ ਚੁਸਤੀ ਤੇ ਖ਼ਤਰੇ ਵਿਚ



www.AKJ.Org

ਸ਼ੀਘਰ ਨਿਰਨੈ ਕਰਨ ਦੀ ਯੋਗਤਾ ਉਤਪੰਨ ਕਰਦੀ ਹੈ। ਹਰਨ, ਪਾੜੇ, ਬਾਰਾਂਸਿੰਗੇ ਆਦਿ ਜੰਤੂ ਵੀ ਖੇਤੀਆਂ ਉਜਾੜਦੇ ਹਨ, ਪਰ ਉਨ੍ਹਾਂ ਕੋਲ ਮਨੁੱਖ ਤੇ ਆਕਰਮਣ ਕਰਨ ਦੇ ਸਾਧਨ ਨਹੀਂ ਹੁੰਦੇ। ਹਾਂ ਬਚਣ ਲਈ ਗਤੀ ਜ਼ਰੂਰ ਹੁੰਦੀ ਹੈ। ਇਨ੍ਹਾਂ ਲਈ ਸਾਡਾ ਸਿੱਖਾਂ ਨੂੰ ਹੁਕਮ ਹੈ ਕਿ ਜਦੋਂ ਇਹ ਜੰਤੂ ਦੌੜ ਕੇ ਤਿੰਨ ਕੁ ਸੌ ਗਜ਼ ਨਿਕਲ ਜਾਣ ਤਾਂ ਹੀ ਇਨ੍ਹਾਂ ਨੂੰ ਤੀਰ ਦਾ ਨਿਸ਼ਾਨਾ ਬਣਾਇਆ ਜਾਵੇ। ਇਹ ਇਕ ਤਰ੍ਹਾਂ ਨਾਲ ਜੰਗ ਵਿਚ ਤੇਜ਼ ਦੌੜਦੇ, ਹਿੱਲਦੇ, ਬਦਲਦੇ ਨਿਸ਼ਾਨੇ ਨੂੰ ਫੁੰਡਣ ਦਾ ਅਭਿਆਸ ਹੈ।''

ਰਾਜਾ ਫ਼ਤਿਹ ਸ਼ਾਹ ਨੇ ਕਿਹਾ, ''ਮਹਾਂ ਪ੍ਰਭੂ, ਆਪ ਦਾ ਸ਼ਿਕਾਰ ਬਾਰੇ ਦ੍ਰਿਸ਼ਟੀ-ਕੋਣ ਸਪੱਸ਼ਟ ਪਰ ਨਵੇਕਲਾ ਹੈ। ਇਹ ਸ਼ੁਗਲ ਲਈ ਜਾਂ ਖੇਲ ਦੇ ਤੌਰ ਤੇ ਜੀਵਾਂ ਨੂੰ ਮਾਰਨ ਤੋਂ ਭਿੰਨ ਹੈ। ਇਹ ਦ੍ਰਿਸ਼ਟੀ-ਕੋਣ ਯਥਾਰਥ ਹੈ।''

''ਗਿਰ-ਪਤੀਓ, ਸਤਿਗੁਰਾਂ ਫਿਰ ਬਚਨ ਕੀਤਾ, ''ਤਾਂ ਹੀ ਤਾਂ ਆਦਿ ਗੁਰੂ ਸਤਿਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ : 'ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ', ਪਰ ਆਦਿ ਗੁਰੂ ਜੀ ਨੇ ਇਸ ਤੁਕ ਵਿਚ ਰਾਜੇ ਦੇ ਪਰਜਾ ਵੱਲ ਫ਼ਰਜ਼ ਨੂੰ ਵੀ ਦ੍ਰਿੜ੍ਹਾਇਆ ਹੈ, ਜੋ ਸਾਡੇ ਅੱਜ ਕਲ ਦੇ ਰਾਜੇ ਵਿਸਾਰ ਚੁੱਕੇ ਹਨ। ਇਨ੍ਹਾਂ ਬਾਰੇ ਸਤਿਗੁਰਾਂ ਦਾ ਵਾਕ ਹੈ : 'ਰਾਜੇ ਸੀਹ ਮੁਕਦਮ ਕੁਤੇ। ਜਾਇ ਜਗਾਇਨਿ ਬੈਠੇ ਸੁਤੇ'।'' ਇੰਨੇ ਨੂੰ ਇਕ ਪਿੰਡ ਆ ਗਿਆ। ਕੁਝ ਗ੍ਰਾਮ-ਨਿਵਾਸੀ ਸਤਿਗੁਰਾਂ ਦੀ ਚਰਨੀਂ ਆ ਪਏ ਅਤੇ ਰਾਜਿਆਂ ਨੂੰ ਨਮਸਕਾਰ ਬੰਦਨਾ ਕਰਨ ਮਗਰੋਂ ਬੇਨਤੀ ਕੀਤੀ, ''ਮਹਾਰਾਜ, ਰਿੱਛ ਤੇ ਸੂਅਰ ਸਾਡੀ ਖੇਤੀ ਨੂੰ ਬਹੁਤ ਬਰਬਾਦ ਕਰਦੇ ਹਨ। ਰਿੱਛ ਰਾਤ ਨੂੰ ਨਾਲ ਦੀਆਂ ਪਰਾੜੀ ਧਾਰਾਂ ਤੋਂ ਉਤਰਦੇ ਹਨ ਅਤੇ ਨਿਡਰ ਹੋ ਕੇ ਮਕਈਆਂ ਦਾ ਨਾਸ ਕਰਦੇ ਹਨ ਤੇ ਮਚਾਨਾਂ ਤੇ ਬੈਠੇ ਬੰਦੂਕਾਂ ਤੇ ਰਹਿਗਲਿਆਂ ਵਾਲਿਆਂ ਰਾਖਿਆਂ ਦਾ ਵੀ ਖ਼ੌਫ਼ ਨਹੀਂ ਖਾਂਦੇ।

ਸਤਿਗੁਰਾਂ ਨੇ ਗ੍ਰਾਮ-ਵਾਸੀਆਂ ਨੂੰ ਧੀਰਜ ਦਿੱਤਾ ਤੇ ਦੱਸਿਆ ਕਿ ਸਾਡੇ ਸ਼ਿਕਾਰ ਚੜ੍ਹਨ ਦਾ ਇਕ ਆਸ਼ਾ ਫ਼ਸਲਾਂ ਨਾਸ ਕਰਨ ਵਾਲੇ ਭਿਆਨਕ ਜੀਵਾਂ ਤੋਂ ਪਹਾੜੀ ਜਨਤਾ ਦੀ ਰਖਿਆ ਕਰਨਾ ਵੀ ਹੈ। ਹਾਥੀਆਂ ਨੂੰ ਉਥੇ ਹੀ ਰੋਕਣ ਦਾ ਹੁਕਮ ਹੋਇਆ। ਸੂਹੀਏ ਦੇ ਕਹਿਣ ਤੇ ਸਤਿਗੁਰਾਂ ਨੇ ਇਕ ਹੋਰ ਤੰਗ ਰਸਤੇ ਤੇ ਪੈ ਕੇ ਸਾਰਿਆਂ ਨੂੰ ਆਪਣੇ ਪਿੱਛੇ ਆਉਣ ਦਾ ਆਦੇਸ਼ ਦਿੱਤਾ। ਇਹ ਰਸਤਾ ਸਾਹਲ ਤੇ ਚੀਲ੍ਹ ਆਦਿ ਦਰੱਖ਼ਤਾਂ ਨਾਲ ਕੱਜੇ ਹਨੇਰੇ ਜੰਗਲ ਵਲ ਜਾ ਰਿਹਾ ਸੀ।

ਜੰਗਲ ਵਿਚ ਵੜਦਿਆਂ ਸਤਿਗੁਰਾਂ ਨੇ ਹੁਕਮ ਕੀਤਾ ਕਿ ਜੋਧੇ ਖਿਲਰਵੀਂ ਕਤਾਰ ਬਣਾ ਕੇ ਜੰਗਲ ਨੂੰ ਕੰਘੇ ਵਾਂਗ ਵਾਹੁਣ, ਪਰ ਨਾਲ ਹੀ ਆਗਿਆ ਦਿੱਤੀ ਕਿ ਜੰਗਲੀ ਸੂਰਾਂ ਤੇ ਰਿਛਾਂ ਦੇ ਨਿਕਲਣ ਅਤੇ ਹਮਲਾ ਕਰਨ ਤੇ ਵੀ ਕੋਈ ਬੰਦੂਕ ਜਾਂ ਤੀਰ ਨਾ ਚਲਾਵੇ, ਸਗੋਂ ਕੇਵਲ ਭਾਲਿਆਂ, ਬਰਛਿਆਂ, ਸੇਲਿਆਂ, ਖਪਰਿਆਂ, ਆਦਿ ਨਾਲ ਉਨ੍ਹਾਂ ਨੂੰ ਮਾਰਿਆ ਜਾਵੇ ਅਤੇ ਉਨ੍ਹਾਂ ਨੂੰ ਆਪਣੀ ਰੱਛਿਆ ਲਈ ਹਮਲੇ ਕਰ ਸਕਣ ਦਾ ਪੂਰਾ ਮੌਕਾ ਦਿੱਤਾ ਜਾਵੇ। ਇਹ ਗੱਲ ਸੁਣ ਕੇ ਰਾਜਿਆਂ ਦੇ ਜੋਧਿਆਂ ਦੇ ਪੈਰ ਕੁਝ ਢਿੱਲੇ ਪੈਣ ਲੱਗੇ, ਪਰ ਸੰਗੋ ਸ਼ਾਹ, ਜੀਤ ਮਲ, ਆਦਿ ਸਤਿਗੁਰੂ ਜੀ ਦੀ ਭੂਆ ਜੀ ਵਲੋਂ ਭਰਾ ਅਤੇ ਮਾਮਾ ਕਿਰਪਾਲ ਜੀ ਸਿੱਖ ਜੋਧਿਆਂ ਨੂੰ ਲੈ ਕੇ ਅੱਗੇ ਵਧਣ ਲੱਗੇ। ਵਧਦਿਆਂ ਵਧਦਿਆਂ ਜੰਗਲ ਦੀ ਇਕ ਹਨੇਰੀ ਕੁਖ ਵਿੱਚ ਮੱਕਈਆਂ ਤੇ ਪਲੇ ਹੋਏ ਤਿੰਨ ਭੂਤਰੇ ਹੋਏ ਰਿੱਛ ਘੇਰੇ ਵਿਚ ਆ ਗਏ। ਸ੍ਰੀ ਕਿਰਪਾਲ ਜੀ ਢਾਲ ਤਲਵਾਰ ਲੈ ਕੇ ਤੇ ਸੰਗੋ ਸ਼ਾਹ ਤੇ ਜੀਤ ਮੱਲ ਜੀ ਭਾਲਾ ਤੇ ਸੇਲਾ ਲੈ ਕੇ ਘੋੜਿਆਂ ਤੋਂ ਉਤਰੇ ਤੇ ਘੇਰੇ ਵਿੱਚ ਆਏ ਭੂਤ੍ਰਿਆਂ ਭਾਲੂਆਂ ਵੱਲ ਵਧੇ। ਰਾਜਾ ਫ਼ਤਿਹਸ਼ਾਹ ਨੇ ਅਵਾਜ਼ ਦਿੱਤੀ, ''ਕੀ ਕਰਦੇ ਹੋ ? ਘੋੜਿਆਂ ਤੇ ਹੱਲਾ ਕਰ ਕੇ ਇਨ੍ਹਾਂ ਨੂੰ ਹਥੋ ਹਥੀ ਲੈ ਲੈਂਦੇ ਹਾਂ। ਇਦਾਂ ਜਾਨਾਂ ਖ਼ਤਰੇ ਵਿਚ ਪਾਉਣ ਦਾ ਕੀ ਲਾਭ ?''

ਸਤਿਗੁਰਾਂ ਕਿਹਾ, ''ਰਾਜਾ ਜੀ, ਦੇਖੋ ! ਇਹ ਜੋਧੇ ਦੀ ਜੋਧੇ ਨਾਲ ਲੜਾਈ ਹੈ। ਇਕੱਲੇ ਨਾਲ ਇਕੱਲਾ ਲੜੇਗਾ ਤੇ ਸਾਵਾਂ ਹੋ ਕੇ ਲੜੇਗਾ। ਰਿਛਾਂ ਕੋਲ ਘੋੜੇ ਨਹੀਂ, ਉਹ ਵੀ ਤਿੰਨ ਹਨ ਤੇ ਇਹ ਵੀ ਤਿੰਨ। ਇਨ੍ਹਾਂ ਕੋਲ ਸ਼ਸਤਰ ਹਨ, ਉਨ੍ਹਾਂ ਕੋਲ ਸ਼ਸਤਰਾਂ ਕੋਲੋਂ ਤਿਖੀਆਂ ਨਹੁੰਦਰਾਂ ਤੇ ਅਮਿੱਤ ਬਲ ਹੈ।''

ਦੋਵੇਂ ਰਾਜੇ ਤੇ ਉਨ੍ਹਾਂ ਦੇ ਜੋਧੇ ਹੈਰਾਨ ਪਰ ਸਾਵਧਾਨ, ਚੌੜਾ ਘੇਰਾ ਘੱਤੀ ਦੇਖਦੇ ਰਹੇ। ਸਭ ਤੋਂ ਵੱਡਾ ਭਾਲੂ



www.AKJ.Org

ਅੱਗੇ ਸੀ ਤੇ ਅੱਗੇ ਵਧ ਰਿਹਾ ਸੀ। ਸੰਗੋਸ਼ਾਹ ਜੀ ਅਗੇ ਵਧ ਗਏ ਸਨ। ਲਾਗੇ ਆ ਕੇ ਉਹ ਰਿੱਛ ਝੱਟ ਪਿਛਲੇ ਪੈਰਾਂ ਤੇ ਖੜ੍ਹੋ ਕੇ ਹਮਲਾ ਕਰਨ ਲਈ ਵਧਿਆ। ਸੰਗੋਸ਼ਾਹ ਜੀ ਨੇ ਸੱਜੇ ਪਾਸੇ ਬਰਛਾ ਥੋੜਾ ਵਧਾ ਕੇ ਦਿਖਾਇਆ। ਰਿੱਛ ਪੰਜਿਆਂ ਵਿਚ ਬਰਛਾ ਫੜ ਕੇ ਚਿੱਥ ਸੁੱਟਣ ਲਈ ਫੁਰਤੀ ਨਾਲ ਵਧਿਆ ਹੀ ਸੀ ਕਿ ਸੰਗੋਸ਼ਾਹ ਜੀ ਨੇ ਛਾਲ ਨਾਲ ਪੈਂਤੜਾ ਖੱਬੇ ਪਾਸੇ ਬਦਲ ਕੇ ਦੋਹਾਂ ਜੰਘਾਂ ਤੇ ਦ੍ਰਿੜ੍ਹ ਹੋ ਕੇ ਖੱਬਾ ਪੈਰ ਅੱਗੇ ਵਧਾ ਕੇ ਬਰਛਾ ਖੱਬੀ ਵੱਖੀ ਵਿਚੋਂ ਲੰਘਾ ਦਿਤਾ। ਦੂਸਰਾ ਰਿੱਛ ਨਿਖੜ ਕੇ ਕਿਰਪਾਲ ਜੀ ਵਲ ਹੋ ਗਿਆ ਸੀ। ਤੀਸਰਾ ਰਿੱਛ ਝਕ ਰਿਹਾ ਸੀ ਤੇ ਪਿਛੇ ਰਹਿ ਰਿਹਾ ਸੀ। ਕਿਰਪਾਲ ਜੀ ਨੇ ਸਿਰੀ ਸਾਹਿਬ ਖਿੱਚ ਲਈ ਸੀ। ਰਿੱਛ ਸੰਗੋਸ਼ਾਹ ਦੇ ਜੁੱਧ ਦਾ ਫ਼ਾਇਦਾ ਉਠਾ ਕੇ ਤੇਜ਼ੀ ਨਾਲ ਦੌੜਿਆ ਤੇ ਕਿਰਪਾਲ ਜੀ ਦੇ ਬਹੁਤ ਲਾਗੇ ਖੜਾ ਹੋ ਕੇ ਉਨ੍ਹਾਂ ਤੇ ਵਾਰ ਕਰਨ ਹੀ ਵਾਲਾ ਸੀ ਕਿ ਉਨ੍ਹਾਂ ਨੇ ਲੋਹੇ ਦੀ ਚੌੜੀ ਢਾਲ ਦਾ ਖੱਬੇ ਹੱਥ ਨਾਲ ਉਹ ਲਫੇੜਾ ਮਾਰਿਆ ਕਿ ਉਹ ਪਿੱਠ ਪਰਨੇ ਡਿਗ ਕੇ ਲੇਟਣੀ ਲਾਉਂਦਾ ਬਿਜਲੀ ਦੀ ਤੇਜ਼ੀ ਨਾਲ ਉਠਿਆ ਤੇ ਪੌਣ ਦੇ ਵੇਗ ਨਾਲ ਸਿੱਧਾ ਹੀ ਆਣ ਪਿਆ। ਪਰ ਉਦੋਂ ਤਕ ਕਿਰਖਾਲ ਜੀ ਆਪਣੀ ਥਾਂ ਛੱਡ ਕੇ ਇਕ ਬੰਨੇ ਹੋ ਗਏ ਸਨ। ਇੰਨੇ ਨੂੰ ਪਹਿਲੇ ਜ਼ਖ਼ਮੀ ਹੋਏ ਰਿੱਛ ਨੇ ਝੁੰਝਲਾ ਕੇ ਤੇ ਪਿੱਛੇ ਹਟ ਕੇ ਚੀਕ ਚਿਹਾੜਾ ਪਾਉਂਦਿਆਂ ਸੰਗੋਸ਼ਾਹ ਜੀ ਤੇ ਉਭਰਵੀਂ ਛਾਲ ਮਾਰੀ। ਪਰ ਅਸਚਰਜ ਫੁਰਤੀ ਨਾਲ ਸੰਗੋਸ਼ਾਹ ਜੀ ਛਾਲ ਪੈਣ ਵਾਲੀ ਥਾਂ ਦੇ ਸੱਜੇ ਪਾਸੇ ਹੋ ਗਏ ਤੇ ਡਿਗਦਿਆਂ ਹੀ ਬਰਛਾ ਰਿੱਛ ਦੇ ਸੱਜੇ ਪਾਸਿਓਂ ਪਾਰ ਕਰ ਦਿਤਾ। ਪਹਿਲੀ ਕਾਰੀ ਚੋਟ ਤੇ ਲਹੂ ਦੇ ਵਗ ਜਾਣ ਨਾਲ ਕਮਜ਼ੋਰ ਹੋਇਆ ਰਿੱਛ ਫੇਰ ਨਾ ਉੱਠ ਸਕਿਆ। ਇੰਨੇ ਨੂੰ ਦੂਸਰੇ ਰਿੱਛ ਨੇ ਉਠ ਕੇ ਰੋਹ ਨਾਲ ਹਮਲਾ ਕੀਤਾ। ਕਿਰਪਾਲ ਜੀ ਨੇ ਢਾਲਾ ਫੇਰ ਅਗੇ ਕੀਤਾ। ਰਿੱਛ ਨੇ ਫੁਰਤੀ ਨਾਲ ਢਾਲਾ ਅਗਲੇ ਪਹੁੰਚਿਆਂ ਨਾਲ ਆ ਫੜਿਆ, ਪਰ ਇੰਨੇ ਚਿਰ ਵਿਚ ਕਿਰਪਾਲ ਜੀ ਦੇ ਸ੍ਰੀ ਸਾਹਿਬ ਦਾ ਐਸਾ ਵਾਰ ਰਿੱਛ ਦੇ ਖਬੇ ਬੰਨੇ ਹੋਇਆ ਕਿ ਉਹ ਉਸ ਦੀ ਰੀੜ੍ਹ ਦੀ ਹੱਡੀ ਨੂੰ ਅੱਧਾ ਕੱਟ ਗਿਆ। ਤੱਤੇ-ਘਾ ਢਾਲ ਤੋਂ ਤਿਲ੍ਹਕਦਾ ਪਹੁੰਚਾ ਕਿਰਪਾਲ ਜੀ ਦੇ ਖਬੇ ਮੋਢੇ ਦੇ ਬਸਤਰ ਨੂੰ ਪੈ ਗਿਆ, ਪਰ ਨਾਲ ਹੀ ਸ੍ਰੀ ਸਾਹਿਬ ਦੇ ਧਸਵੇਂ ਸਿਧੇ ਵਾਰ ਨਾਲ ਸ੍ਰੀ ਸਾਹਿਬ ਦਾ ਸਿਰਾ ਉਸ ਦੀ ਛਾਤੀ ਵਿਚੋਂ ਲੰਘ ਕੇ ਪਿੱਠ ਵਲ ਦਿਸ ਪਿਆ। ਸਿਰੀ ਸਾਹਿਬ ਨੂੰ ਖਿੱਚਦਿਆਂ ਹੀ ਰਿੱਛ ਢਹਿ ਢੇਰੀ ਹੋ ਗਿਆ, ਪਰ ਕਿਰਪਾਲ ਜੀ ਦੇ ਮੋਢੇ ਤੇ ਨਹੁੰਦਰਾਂ ਲਾ ਹੀ ਗਿਆ।

ਇਸ ਅਰਸੇ ਵਿਚ ਤੀਸਰਾ ਰਿੱਛ ਅਸਲ ਵਿਚ ਆਪਣਾ ਦਾਅ ਭਾਲਦਾ ਰਿਹਾ ਸੀ। ਅਗੇ ਨਾ ਆਉਂਦਾ ਦੇਖ ਕੇ ਜੀਤ ਮਲ ਜੀ ਅਗੇ ਵਧ ਗਏ ਸਨ। ਦੋਹਾਂ ਪਹਿਲਿਆਂ ਰਿੱਛਾਂ ਦੇ ਪਿਛਲੇ ਪਾਸੇ ਵਲ ਤੀਜਾ ਰਿੱਛ ਪਿਛੇ ਹਟਦਾ ਹਟਦਾ ਇਕ ਉੱਚੀ ਥਾਂ ਪਹੁੰਚ ਗਿਆ ਸੀ ਤੇ ਉਥੇ ਜਾ ਕੇ ਚਿੰਘਾੜਦੇ ਨੇ ਕੋਈ ਪੰਜ ਗਜ਼ ਉੱਚੀ ਛਾਲ ਮਾਰੀ, ਜੋ ਪੰਦਰਾਂ ਵੀਹਾਂ ਗਜ਼ਾਂ ਦੀ ਵਿੱਥ ਤੇ ਖੜੇ ਜੀਤ ਮੱਲ ਜੀ ਦੇ ਉੱਤੇ ਆ ਰਹੀ ਸੀ। ਜੀਤ ਮੱਲ ਜੀ ਉਥੋਂ ਨਾ ਹਟੇ ਤੇ ਸੇਲੇ ਨੂੰ ਦ੍ਰਿੜ੍ਹ ਹੱਥਾਂ ਨਾਲ ਛਾਲ ਦੇ ਨਿਸ਼ਾਨੇ ਤੇ ਖੜਾ ਕਰ ਦਿਤਾ। ਸੇਲਾ ਰਿੱਛ ਦੇ ਢਿਡ ਵਿਚੋਂ ਉਤਾਂਹ ਨਿਕਲ ਗਿਆ। ਕੁਝ ਪਲ ਜੀਤ ਮੱਲ ਜੀ ਨੇ ਰਿੱਛ ਨੂੰ ਬੁਗਦਰ ਵਾਂਗ ਹਵਾ ਵਿਚ ਤੋਲੀ ਰੱਖਿਆ। ਸੇਲੇ ਦੀ ਗੋਲ ਗੰਢ ਰਿਛ ਦੇ ਸਰੀਰ ਵਿਚ ਅੜ ਗਈ। ਫੇਰ ਉਨ੍ਹਾਂ ਭੁਆ ਕੇ ਰਿੱਛ ਨੂੰ ਜ਼ਮੀਨ ਤੇ ਮਾਰਿਆ ਤੇ ਗੰਢ ਸਮੇਤ ਸੇਲੇ ਨੂੰ ਜ਼ੋਰ ਲਾ ਕੇ ਖਿੱਚ ਲਿਆ। ਰਿੱਛ ਫੇਰ ਹੌਸਲਾ ਕਰ ਕੇ ਹਮਲਾ ਕਰਨ ਨੂੰ ਉਠਿਆ, ਪਰ ਸੇਲੇ ਦੀ ਦੂਸਰੀ ਹੁਝ ਉਸ ਦੇ ਸੀਨੇ ਵਿਚੋਂ ਲੰਘ ਗਈ। ਜੀਤ ਮੱਲ ਜੀ ਨੇ ਆਪਣੇ ਕਮਾਏ ਸਰੀਰ ਦਾ ਸਾਰਾ ਭਾਰ ਪਾ ਕੇ ਰਿੱਛ ਦੀ ਪਿੱਠ ਜ਼ਮੀਨ ਨਾਲ ਲਾ ਦਿਤੀ। ਰਿੱਛ ਦੀ ਛਾਤੀ ਤੇ ਪੈਰ ਰਖ ਕੇ ਉਹ ਸੇਲਾ ਖਿੱਚ ਹੀ ਰਹੇ ਸਨ ਕਿ ਮਰਦੇ ਰਿੱਛ ਨੇ ਚੌਹਾਂ ਪਹੁੰਚਿਆਂ ਨਾਲ ਜੀਤ ਮੱਲ ਜੀ ਦੀ ਖੱਬੀ ਲੱਤ ਫੜ ਲਈ। ਪਰ ਇਸ ਤੋਂ ਪਹਿਲੋਂ ਕਿ ਕੋਈ ਨਹੁੰਦਰ ਨੁਕਸਾਨ ਕਰੇ, ਜੀਤ ਮੱਲ ਜੀ ਦਾ ਭਾਰਾ ਸੇਲਾ ਇਸ ਜ਼ੋਰ ਨਾਲ ਰਿੱਛ ਦੇ ਖੁਲ੍ਹੇ ਮੂੰਹ ਵਿਚੋਂ ਲੰਘਿਆ ਕਿ ਗਰਦਨ ਥਾਣੀਂ ਕਿੱਲੇ ਵਾਂਗ ਧਰਤੀ ਵਿਚ ਧਸ ਗਿਆ। ਰਾਜੇ ਤੇ ਰਾਜਿਆਂ ਦੇ ਜੋਧੇ ਹੈਰਾਨ ਖੜੇ ਸਨ, ਜਦ ਸ੍ਰੀ ਗੁਰੂ ਜੀ ਆਪਣੇ ਘੋੜੇ ਤੇ ਵਧੇ ਅਤੇ ਮਾਮਾ ਜੀ ਦੇ ਬਲ ਦੀ ਪਰਸੰਸਾ ਕੀਤੀ ਤੇ ਸੰਗੋਸ਼ਾਹ ਜੀ ਤੇ ਜੀਤ ਮੱਲ ਜੀ ਨੂੰ ਥਾਪੜੇ ਦਿਤੇ।

ਸ਼ਿਕਾਰ ਦੀ ਹੂ-ਹਾਂ ਸੁਣ ਕੇ ਕੁਝ ਪਹਾੜੀਏ ਵੀ ਇੱਥੇ ਪਹੁੰਚ ਪਏ ਸਨ। ਉਹ ਇਸ ਦੇ ਲਾਗਲੀ ਢਲਵਾਨ



www.AKJ.Org

ਦੇ ਇਕ ਗ੍ਰਾਂ ਦੇ ਵਸਨੀਕ ਸਨ। ਸਤਿਗੁਰੂ ਜੀ ਤੇ ਆਪਣੇ ਰਾਜੇ ਨੂੰ ਪਛਾਣ ਕੇ ਉਨ੍ਹਾਂ ਪੁਕਾਰ ਕੀਤੀ, "ਮਹਾਰਾਜ! ਇਕ ਬਹੁਤ ਵੱਡਾ ਬਾਘ ਇਸ ਇਲਾਕੇ ਦੇ ਪਸ਼ੂਆਂ ਨੂੰ ਮੁਕਾ ਰਿਹਾ ਹੈ। ਕਈ ਬੈਲ, ਗਾਈਆਂ ਤੇ ਭੈਂਸਾਂ ਉਸ ਦੀ ਕਰੂਰਤਾ ਤੇ ਭੁੱਖ ਦਾ ਸ਼ਿਕਾਰ ਹੋ ਚੁੱਕੀਆਂ ਹਨ। ਕੋਈ ਸ਼ਿਕਾਰੀ ਉਸ ਨੂੰ ਮਾਰਨ ਦਾ ਹੌਸਲਾ ਨਹੀਂ ਕਰਦਾ। ਜਦੋਂ ਉਸ ਨੂੰ ਆਉਂਦਾ ਦੇਖਦੇ ਹਨ, ਲੋਕ ਆਪਣੇ ਵੱਗ ਛਡ ਕੇ ਦਰੱਖਤਾਂ ਤੇ ਚੜ੍ਹ ਜਾਂਦੇ ਹਨ ਜਾਂ ਕਿਸੇ ਹੋਰ ਬਚਾ ਵਾਲੀ ਥਾਂ ਨੂੰ ਭਜ ਜਾਂਦੇ ਹਨ। ਆਪ ਉਸ ਤੋਂ ਸਾਡੀ ਰਖਿਆ ਕਰੋ!"

ਸਤਿਗੁਰਾਂ ਫ਼ੁਰਮਾਇਆ, "ਇਹ ਸ਼ੇਰ. ਸ਼ੇਰ ਕਾਹਦਾ ਹੈ, ਇਹ ਤਾਂ ਹਰਾਮ-ਖ਼ੋਰ ਹੈ। ਇਸ ਦੇ ਹੱਡਾਂ ਵਿਚ ਅਰਾਮ ਪੈ ਗਿਆ ਹੈ। ਇਸ ਨੂੰ ਕੁਦਰਤ ਨੇ ਜੰਗਲ ਦਾ ਬਾਦਸ਼ਾਹ ਬਣਾਇਆ ਸੀ। ਇਸ ਦਾ ਆਹਾਰ ਤਾਂ ਮਾਸ ਹੀ.ਸੀ, ਪਰ ਉਹ ਇਸ ਨੇ ਜੰਗਲੀ ਜੰਤੂਆਂ ਦਾ ਸ਼ਿਕਾਰ ਕਰ ਕੇ ਖਾਣਾ ਸੀ। ਪਰ ਇਸ ਨੇ ਘਰੇਲੂ, ਪਾਲਤੂ, ਮਾੜੇ ਤੇ ਆਪਣੀ ਰੱਖਿਆ ਨਾ ਕਰ ਸਕਣ ਵਾਲੇ ਗਊ, ਭੈਂਸ ਆਦਿ ਪਸ਼ੂਆਂ ਨੂੰ ਮਾਰ ਕੇ ਖਾਣਾ ਸ਼ੁਰੂ ਕਰ ਦਿੱਤਾ ਹੈ। ਇਹ ਜੰਗਲ ਦਾ ਓਹੋ ਜਿਹਾ ਹੀ ਰਾਜਾ ਹੈ ਜਿਹੋ ਜਿਹਾ ਔਰੰਗਜ਼ੇਬ ਹਿੰਦ ਦਾ ਸ਼ਹਿਨਸ਼ਾਹ ਹੈ। ਉਹ ਵੀ ਗਰੀਬ, ਨਿਹੱਥੀ ਤੇ ਨਿਤਾਣੀ ਪਰਜਾ ਤੇ ਜ਼ੁਲਮ ਕਰਦਾ ਹੈ। ਸਾਡੇ ਲਈ ਇਹ ਔਰੰਗਜ਼ੇਬ ਦਾ ਹੀ ਇਕ ਰੂਪ ਹੈ। ਇਸ ਦਾ ਨਾਸ ਅਵੱਸ਼ ਕੀਤਾ ਜਾਵੇਗਾ। ਤੁਹਾਡੀ ਅਤੇ ਵਿਚਾਰੀਆਂ ਗਊਆਂ ਮਹੀਆਂ ਦੀ ਰਖਿਆ ਕੀਤੀ ਜਾਵੇਗੀ।"

ਪਹਾੜੀਆਂ ਨੇ ਕਿਹਾ, 'ਸਤਿਗੁਰੂ, ਬਾਘ ਬਹੁਤ ਹੀ ਵੱਡਾ ਹੈ। ਜਿਨ੍ਹਾਂ ਨੇ ਦੇਖਿਆ ਹੈ, ਕਹਿੰਦੇ ਹਨ ਕਿ ਏਡਾ ਬਾਘ ਅਸਾਂ ਅਗੇ ਕਦੀ ਨਹੀਂ ਦੇਖਿਆ। ਸਾਨੂੰ ਉਸ ਦੇ ਪਗਾਂ ਤੋਂ ਪਤਾ ਲਗਦਾ ਹੈ ਕਿ ਉਹ ਆਪਣੀ ਪੂਰੀ ਜੁਆਨੀ ਵਿਚ ਫਿੱਟਿਆ ਹੋਇਆ ਬਾਘ ਹੈ। ਇਕ ਪਾਲੀ, ਜੋ ਆਪਣੇ ਬਚਾ ਲਈ ਦਰੱਖਤ ਤੇ ਚੜ੍ਹ ਗਿਆ ਸੀ, ਦਸਦਾ ਸੀ ਕਿ ਉਹ ਇਕੋ ਥਪੋੜੇ ਨਾਲ ਮਹਿਸਾਂ ਨੂੰ ਮਾਰ ਦਿੰਦਾ ਹੈ। ਉਸ ਦੀਆਂ ਨਹੁੰਦਰਾਂ ਅੰਕੁਸ਼ ਵਰਗੀਆਂ ਹਨ ਅਤੇ ਦੰਦ ਪੁੱਠਿਆਂ ਛੁਰਿਆਂ ਵਰਗੇ।"

ਸਤਿਗੁਰਾਂ ਨੇ ਉਨ੍ਹਾਂ ਨੂੰ ਹੌਸਲਾ ਦਿੰਦਿਆਂ ਕਿਹਾ, "ਜ਼ਾਲਮ ਕਿੱਡਾ ਵੀ ਭਿਆਨਕ ਕਿਉਂ ਨਾ ਹੋਵੇ, ਕਾਇਰ ਹੁੰਦਾ ਹੈ। ਭਿਆਨਕਤਾ ਤੋਂ ਡਰਿਆਂ ਜ਼ਾਲਮ ਦਾ ਨਾਸ ਨਹੀਂ ਹੋ ਸਕਦਾ, ਇਸ ਬਾਘ ਦੀ ਸੋਧ ਕੀਤੀ ਹੀ ਜਾਵੇਗੀ।"

ਪਹਾੜੀਆਂ ਨੇ ਝੁਕ ਝੁਕ ਕੇ ਨਮਸਕਾਰਾਂ ਕਰਦਿਆਂ ਕਿਹਾ, "ਮਹਾਰਾਜ! ਕਲ੍ਹ ਹੀ ਉਸ ਨੇ ਇਕ ਮਹਿਸ ਮਾਰ ਕੇ ਖਾਧੀ ਹੈ। ਅੱਜ ਕਿਤੇ ਉਹ ਰਜਿਆ ਪਿਆ ਹੋਵੇਗਾ। ਹਾਲੀ ਉਹ ਛੇਤੀ ਜੰਗਲੋਂ ਬਾਹਰ ਨਹੀਂ ਨਿਕਲਣ ਲੱਗਾ। ਉਸ ਦੇ ਪੈਰਾਂ ਦੇ ਤਾਜ਼ੇ ਨਿਸ਼ਾਨ ਉਸ ਹੇਠਲੇ ਜੰਗਲ ਵੱਲ ਜਾਂਦੇ ਹਨ।"

ਸੂਹੀਏ ਨੇ ਉਹ ਨਿਸ਼ਾਨ ਦਿਖਾਉਣ ਲਈ ਆਖਿਆ ਅਤੇ ਉਨ੍ਹਾਂ ਵਿਚੋਂ ਕੁਝ ਨੌਜੁਆਨ ਉਨ੍ਹਾਂ ਨਿਸ਼ਾਨਾਂ ਨੂੰ ਦਿਖਾਉਣ ਲਈ ਨਿਤਰੇ। ਅੱਗੇ ਅੱਗੇ ਪਹਾੜੀਏ ਤੇ ਸੂਹੀਆ ਤੇ ਉਨ੍ਹਾਂ ਦੇ ਮਗਰ ਸਤਿਗੁਰੂ, ਦੋਵੇਂ ਰਾਜੇ, ਸੰਗੋਸ਼ਾਹ ਆਦਿ ਪੰਜ ਭ੍ਰਾਤਾ, ਸ੍ਰੀ ਕਿਰਪਾਲ ਜੀ, ਸਿੱਖ ਤੇ ਰਾਜਿਆਂ ਦੇ ਫ਼ੌਜੀ ਦਸਤੇ ਤੁਰੇ।

ਸਤਿਗੁਰਾਂ ਨੇ ਬਹੁਤ ਸਾਰਿਆਂ ਨੂੰ ਘੋੜਿਆਂ ਤੋਂ ਉਤਰ ਕੇ ਪੈਦਲ ਚਲਣ ਦੀ ਆਗਿਆ ਕੀਤੀ। ਕੁਝ ਤਾਂ ਘੋੜਿਆਂ ਦੀ ਸੰਭਾਲ ਲਈ ਪਹਾੜੀਆਂ ਨਾਲ ਪਿੰਡ ਵਲ ਚਲੇ ਗਏ ਤੇ ਕੁਝ ਸ਼ਿਕਾਰ ਦੀ ਸਫ਼ਾਈ ਚੁਕਾਈ ਦੇ ਪਰਬੰਧ ਵਿਚ ਰੁੱਝ ਗਏ। ਸਤਿਗੁਰਾਂ ਨੇ ਹੂ-ਹੁਕਾਰ ਤੇ ਖੜਾਕ ਆਦਿ ਬੰਦ ਰਖਣ ਲਈ ਸਾਰੇ ਨਾਲ ਚਲਣ ਵਾਲਿਆਂ ਦਸਤਿਆਂ ਨੂੰ ਖ਼ਬਰ ਕਰ ਦਿਤੀ ਤੇ ਆਗਿਆ ਕੀਤੀ ਕਿ ਜੇ ਕੋਈ ਜੰਗਲੀ ਜੰਤੂ, ਸ਼ੇਰ ਤੋਂ ਇਲਾਵਾ ਆਵੇ ਤੇ ਮੁਕਾਬਲਾ ਕਰੇ ਤਾਂ ਉਸ ਨੂੰ ਤੀਰਾਂ ਨਾਲ ਮਾਰਿਆ ਜਾਵੇ ਤੇ ਬੰਦੂਕ ਕੋਈ ਨਾ ਚਲਾਈ ਜਾਵੇ, ਤਾਂ ਜੁ ਸ਼ੇਰ ਤ੍ਰਹਿ ਕੇ ਨਸ ਨਾ ਜਾਵੇ।

ਸਾਰੇ ਸਮੂਹ ਨੂੰ ਪਹਿਲੋਂ ਪਹਾੜੀ ਦੀ ਚੋਟੀ ਤੋਂ ਹੇਠਾਂ ਪਹਾੜੀ ਦੀ ਪਿੱਠ ਤਕ ਪਹੁੰਚ ਕੇ ਦੂਜੇ ਬੰਨੇ ਉਤਰਨਾ ਪਿਆ। ਉਥੋਂ ਅੱਧ ਕੁ ਕੋਹ ਥਲੇ ਉਤਰ ਕੇ, ਇਕ ਚਸ਼ਮੇ ਦਾ ਪਾਣੀ ਵਗ ਕੇ ਹੋਰ ਥਲੇ ਢਹਿਣ ਤੋਂ ਪਹਿਲਾਂ ਇਕ ਕੁਦਰਤੀ ਬਣੇ ਕੁੰਡ ਵਿਚ ਇਕੱਠਾ ਹੁੰਦਾ ਸੀ। ਜੰਗਲ ਦੇ ਘਾਹ-ਝਾੜੀਆਂ ਵਿਚੋਂ ਨਿਕਲ ਕੇ ਆਉਂਦੇ ਸ਼ੇਰ ਦੇ ਪੈਰਾਂ ਦੇ ਨਿਸ਼ਾਨ ਇਸ ਚਸ਼ਮੇ ਦੇ ਲਾਗੇ ਚੰਗੇ ਡੂੰਘੇ ਧਸੇ ਹੋਏ ਸਨ। ਸੂਹੀਏ ਨੇ ਦੱਸਿਆ, "ਇਹ ਉਸੇ ਵਡੇ ਸ਼ੇਰ ਦੇ



www.AKJ.Org

ਨਿਸ਼ਾਨ ਹਨ ਤੇ ਮਹਿਸ ਨੂੰ ਮਾਰ ਕੇ ਖਾ ਚੁਕਣ ਮਗਰੋਂ ਉਹ ਚੋਖਾ ਭਾਰਾ ਹੋਇਆ ਹੋਇਆ ਹੈ। ਉਸ ਨੇ ਇਥੋਂ ਪਾਣੀ ਪੀਤਾ ਹੈ ਤੇ ਹੁਣ ਉਹ ਉਸ ਨੂੰ ਪਚਾਵੇਗਾ ਅਤੇ ਛੇਤੀ ਆਪਣੇ ਟਿਕਾਣੇ ਤੋਂ ਨਹੀਂ ਹਿੱਲੇਗਾ।"

ਇਥੋਂ ਸ਼ੇਰ ਹੇਠਲੇ ਜੰਗਲ ਵਿਚੋਂ ਹੋ ਕੇ ਲੰਘਿਆ ਸੀ। ਚੰਗੀ ਗੱਲ ਇਹ ਸੀ ਕਿ ਹਵਾ, ਜਿਧਰ ਨੂੰ ਉਹ ਗਿਆ ਸੀ, ਉਸ ਤੋਂ ਉਲਟ ਰੁੱਖ ਵਗਦੀ ਸੀ। ਫ਼ੌਜੀ ਦਸਤੇ ਇਥੋਂ ਖਿਲਰ ਕੇ ਮਲਕੜੇ ਛਹਿੰਦੇ ਛੁਪਦੇ ਪੈਦਲ ਅੱਗੇ ਵਧ ਰਹੇ ਸਨ। ਕੋਹ ਕੁ ਦੀ ਵਾਟ ਇਸੇ ਤਰ੍ਹਾਂ ਖਿੱਲਰਦੇ, ਹੋਰ ਖਿੱਲਰਦੇ, ਹੋਰ ਉਹ ਵਧਦੇ ਗਏ। ਸਤਿਗੁਰੂ ਤੇ ਦੋਵੇਂ ਰਾਜੇ ਘੋੜਿਆਂ ਤੇ ਇਨ੍ਹਾਂ ਦੇ ਮਗਰ ਮਗਰ ਵੱਧ ਰਹੇ ਸਨ। ਅਖ਼ੀਰ ਸ਼ੇਰ ਦੇ ਪੈਰ ਇਕ ਖੱਡ ਲਾਗੇ ਆ ਕੇ ਸਿੱਧੇ ਥੱਲੇ ਉੱਤਰਦੇ ਸਨ। ਇਥੋਂ ਮਨੁੱਖ ਦਾ ਥੱਲੇ ਉਤਰਨਾ ਲਗਪਗ ਅਸੰਭਵ ਸੀ। ਸੋ ਫ਼ੈਸਲਾ ਹੋਇਆ ਕਿ ਜੋਧਿਆਂ ਦੀਆਂ ਕਤਾਰਾਂ ਹੋਰ ਫੈਲ ਕੇ ਦੋਹਾਂ ਪਾਸਿਆਂ ਦੀਆਂ ਸੌਖੀਆਂ ਉਤਰਾਈਆਂ ਤੋਂ ਉੱਤਰ ਕੇ ਖੱਡ ਨੂੰ ਚਾਰੋਂ ਪਾਸਿਓਂ ਘੇਰ ਲੈਣ। ਉਨ੍ਹਾਂ ਨੂੰ ਕੰਨੋਂ ਕੰਨੀਂ ਸਮਝਾ ਦਿਤਾ ਗਿਆ ਸੀ ਕਿ ਜੇ ਸ਼ੇਰ ਦੇ ਪਗ-ਚਿੰਨ੍ਹ ਇਸ ਘੇਰੇ ਤੋਂ ਬਾਹਰ ਜਾਂਦੇ ਦਿਸਣ ਤਾਂ ਉਹ ਸਤਿਗੁਰਾਂ ਕੋਲ ਖੜੇ ਦੋਹਾਂ ਰਾਜਿਆਂ ਤੇ ਜੋਧਿਆਂ ਨੂੰ ਇਸ਼ਾਰਾ ਕਰਨ। ਉਨ੍ਹਾਂ ਨੂੰ ਇਹ ਆਗਿਆ ਵੀ ਕਰ ਦਿੱਤੀ ਗਈ ਸੀ ਕਿ ਜੇ ਸ਼ੇਰ ਉਨ੍ਹਾਂ ਵੱਲ ਦੌੜੇ ਤੇ ਹਮਲਾ ਕਰੇ ਤਾਂ ਹੀ ਉਸ ਤੇ ਬੰਦੂਕਾਂ ਦੀ ਵਾਛੜ ਕੀਤੀ ਜਾਵੇ, ਨਹੀਂ ਤੇ ਜੋ ਹੁੰਦਾ ਹੈ ਉਸ ਨੂੰ ਸਾਹਸ ਨਾਲ ਦੇਖਿਆ ਜਾਵੇ।

ਇਕ ਘੜੀ ਕੁ ਦੇ ਸਮੇਂ ਵਿਚ, ਜਿੱਥੇ ਗੁਰੂ ਜੀ ਖੱਡ ਦੀ ਸਭ ਤੋਂ ਉੱਚੀ ਥਾਂ ਤੇ ਖੜੇ ਸਨ, ਉਥੋਂ ਲੈ ਕੇ ਖੱਡ ਦੀ ਹੇਠਲੀ ਸਤਹ ਤੇ ਝਾੜਾਂ-ਕੱਜੇ ਖੁਲ੍ਹੇ ਮੈਦਾਨ ਨੂੰ ਸੈਨਕਾਂ ਨੇ ਘੇਰ ਲਿਆ। ਘੇਰੇ ਵਿਚ ਹਰ ਦੂਸਰੇ ਤੀਸਰੇ ਸੈਨਿਕ ਨਾਲ ਇਕ ਇਕ ਸਿੱਖ ਜੋਧਾ ਸੀ, ਜੋ ਸਤਿਗੁਰਾਂ ਦੇ ਸ਼ਿਕਾਰੀ ਸੰਕੇਤਾਂ ਨੂੰ ਭਲੀ ਪ੍ਰਕਾਰ ਸਮਝ ਸਕਦਾ ਸੀ। ਸੂਹੀਏ ਨੇ ਸਭ ਕੁਝ ਸਮਝਣ ਬੁਝਣ ਮਗਰੋਂ ਸਤਿਗੁਰਾਂ ਨੂੰ ਇਸ਼ਾਰਾ ਦਿੱਤਾ ਕਿ ਸ਼ੇਰ ਖੱਡ ਵਿਚ ਹੀ ਹੈ, ਬਾਹਰ ਨਹੀਂ ਗਿਆ।

ਸਤਿਗੁਰਾਂ ਨੇ ਤਦ ਰਾਜਿਆਂ, ਉਨ੍ਹਾਂ ਦੇ ਸੈਨਾ-ਪਤੀਆਂ ਤੇ ਹੋਰ ਚੋਣਵੇਂ ਜੋਧਿਆਂ ਨੂੰ ਵੰਗਾਰਿਆ, 'ਕੋਈ ਜੋਧਾ ਨਿੱਤਰੇ ਜੋ ਰੱਖਿਆ ਲਈ ਕੇਵਲ ਢਾਲ ਤੇ ਆਕਰਮਣ ਲਈ ਸਿਰਫ਼ ਤਲਵਾਰ ਵਰਤ ਕੇ ਇਸ ਸ਼ੇਰ ਨੂੰ ਮਾਰੇ। ਅਸੀਂ ਉਸ ਨੂੰ ਬਹੁਤ ਭਾਰੀ ਇਨਾਮ ਦੇਵਾਂਗੇ।" ਪਰ ਰਾਜਿਆਂ ਸਮੇਤ ਕੋਈ ਜੋਧਾ ਨਾ ਨਿੱਤਰਿਆ। ਤਦ ਸਤਿਗੁਰਾਂ ਨੇ ਤੀਰਾਂ ਦਾ ਭੱਥਾ ਤੇ ਆਪਣੀ ਕਰੜੀ ਕਮਾਨ ਨੂੰ ਉਤਾਰ ਕੇ ਇਕ ਸਿੱਖ ਨੂੰ ਪਕੜਾ ਦਿਤਾ ਅਤੇ ਘੋੜੇ ਤੋਂ ਉਤਰ ਕੇ ਆਪਣੇ ਵਡੇ ਢਾਲੇ ਨੂੰ ਸੰਭਾਲ ਕੇ ਆਪ ਉਸ ਵੱਗ-ਘਾਤਕ ਸਕਤੇ ਸ਼ੇਰ ਨੂੰ ਸਬਕ ਸਿਖਾਉਣ ਲਈ ਤਿਆਰ ਹੋਏ। ਰਾਜਿਆਂ ਨੇ ਕਿਹਾ, "ਸਤਿਗੁਰੂ ਜੀ, ਇਹ ਬੜਾ ਖ਼ਤਰਨਾਕ ਕੰਮ ਹੈ। ਸ਼ੇਰ ਬਹੁਤ ਵੱਡਾ ਤੇ ਤੁੰਦ ਹੈ। ਹੁਣੇ ਗੋਲੀਆਂ ਤੀਰਾਂ ਦੀ ਵਾਛੜ ਕਰ ਕੇ ਇਸ ਨੂੰ ਮਾਰ ਲੈਂਦੇ ਹਾਂ।"

ਦੀਵਾਨ ਨੰਦ ਚੰਦ ਜੀ ਨੇ ਵੀ ਗੁਰੂ ਜੀ ਨੂੰ ਇਕੱਲੇ ਇਸ ਸ਼ੇਰ ਦਾ ਟਾਕਰਾ ਕਰਨੋਂ ਰੋਕਣਾ ਚਾਹਿਆ, ਪਰ ਗੁਰੂ ਜੀ ਦੇ ਬਚਨ ਸੁਣ ਕੇ ਉਹ ਅਡੋਲ ਰਹੇ।

ਰਾਜਾ ਮੇਦਨੀ ਪ੍ਰਕਾਸ਼ ਨੇ ਫੇਰ ਬੇਨਤੀ ਕੀਤੀ, "ਗੁਰੂ ਮਹਾਰਾਜ! ਅਸੀਂ ਇਸ ਨੂੰ ਦੂਰੋਂ ਹੀ ਗੋਲੀਆਂ, ਤੀਰਾਂ ਨਾਲ ਢਾਹ ਲੈਂਦੇ ਹਾਂ। ਤੁਸੀਂ ਐਡਾ ਵੱਡਾ ਖ਼ਤਰਾ ਆਪਣੇ ਤੇ ਨਾ ਲਵੋ।"

ਪਰ ਅਤੋਲ ਬਲ ਤੇ ਸਾਹਸ ਦੇ ਧਨੀ ਸਤਿਗੁਰੂ ਜੀ, ਜਿਨ੍ਹਾਂ ਦੇ ਚਿਹਰੇ ਤੇ ਸੂਰਜ ਵਾਂਗ ਬੀਰਤਾ ਦਾ ਤੇਜ ਚਮਕ ਰਿਹਾ ਸੀ, ਗੰਭੀਰਤਾ ਨਾਲ ਅੱਗੇ ਵਧੇ ਅਤੇ ਸੱਜੇ ਬੰਨਿਓਂ ਪੈਦਲ ਪਹਾੜ ਤੋਂ ਉਤਰਨਾ ਸ਼ੁਰੂ ਕੀਤਾ। ਕੁਝ ਹੀ ਸਮੇਂ ਵਿਚ ਉਹ ਖੱਡ ਦੇ ਸਾਹਮਣੇ ਝਾੜੀਆਂ ਨਾਲ ਢੱਕੇ ਸਮਤਲ ਤੇ ਪਹੁੰਚ ਗਏ। ਜਦ ਕੁਝ ਜੋਧੇ ਸਿੱਖਾਂ ਨੇ ਕਤਾਰਾਂ ਵਿਚੋਂ ਅੱਗੇ ਵਧਣ ਦਾ ਇਸ਼ਾਰਾ ਕੀਤਾ ਤਾਂ ਸਤਿਗੁਰਾਂ ਨੇ ਸਭ ਨੂੰ ਇਸ਼ਾਰੇ ਨਾਲ ਹੀ ਰੋਕ ਦਿੱਤਾ।

ਸਤਿਗੁਰੂ ਅਗਾਂਹ ਵਧ ਕੇ ਖੱਡ ਦੇ ਮੂੰਹ ਤਕ ਪਹੁੰਚ ਗਏ। ਕੁਦਰਤੀ ਤੌਰ ਤੇ ਖੱਡ ਦਾ ਮੂੰਹ ਤੰਗ ਸੀ। ਅੰਦਰ ਇਕ ਬੰਨੇ ਘਣੇ ਝਾੜ ਅਤੇ ਦੂਜੇ ਬੰਨੇ ਘਣੇ ਨੜੇ ਸਨ। ਸਤਿਗੁਰੂ ਤੇਗ਼ ਬਹਾਦਰ ਜੀ ਦੇ ਸਪੁੱਤਰ ਸ਼ਮਸ਼ੇਰ-



www.AKJ.Org

ਬਹਾਦਰ ਦੇ ਹੱਥ ਵਿਚ ਨੰਗੀ ਸ਼ਮਸ਼ੇਰ ਚਮਕ ਰਹੀ ਸੀ ਤੇ ਕਲਗੀਧਰ ਜੀ ਦੀ ਕਲਗੀ ਦੇ ਖੰਭ ਹਵਾ ਨਾਲ ਹਿਲਦੇ ਅਸਚਰਜ ਸ਼ੋਭਾ ਖਿਲਾਰ ਰਹੇ ਸਨ। ਜਦ ਉਨ੍ਹਾਂ ਲਲਕਾਰਾ ਮਾਰਿਆ, ਖੱਡ ਦੇ ਉਪਰ ਖੜੇ ਰਾਜਿਆਂ ਨੂੰ ਜਾਪਿਆ ਜਿਵੇਂ ਅਕਾਸ਼ ਤੇ ਵਰ੍ਹਨ ਲਈ ਧਰਤੀ ਤੋਂ ਬੱਦਲ ਗੱਜ ਪਿਆ ਹੋਵੇ। ਨੜਿਆਂ ਵਿਚੋਂ ਕੁਝ ਹਿਲ-ਜੁਲ ਹੋਈ, ਪਰ ਖੱਡ ਦੇ ਉਪਰਲੇ ਸਿਰੇ ਖੜੇ ਰਾਜਿਆਂ ਤੇ ਸੈਨਾ-ਪਤੀਆਂ ਨੂੰ ਹੋਰ ਕੁਝ ਨਾ ਦਿਸਿਆ। ਨੰਦ ਚੰਦ ਜੀ, ਸੰਗੋ ਸ਼ਾਹ ਅਤੇ ਸ੍ਰੀ ਕਿਰਪਾਲ ਜੀ ਸਤਿਗੁਰਾਂ ਦੇ ਮਗਰ ਥੱਲੇ ਉਤਰ ਗਏ ਸਨ ਅਤੇ ਸਤਿਗੁਰਾਂ ਤੋਂ ਬਹੁਤ ਹਟਵੇਂ ਖ਼ਬਰਦਾਰ ਖੜੇ ਸਨ। ਸਤਿਗੁਰਾਂ ਨੇ ਫੇਰ ਲਲਕਾਰਾ ਮਾਰਿਆ। ਰਾਜਿਆਂ ਨੇ ਦੇਖਿਆ ਕਿ ਹਿਲਦੇ ਨੜਿਆਂ ਵਿੱਚੋਂ ਇਕ ਦੀਰਘ ਅਕਾਰ ਸ਼ੇਰ ਉਠਿਆ। ਉਸ ਦਾ ਸਰੀਰ ਸੋਨੇ ਦਾ ਬਣਿਆ ਹੋਇਆ ਜਾਪਦਾ ਸੀ, ਜਿਸ ਵਿਚ ਕੁਝ ਕੁਝ ਵਿੱਥ ਤੇ ਮੋਟੀਆਂ ਪਤਲੀਆਂ ਕਾਲੀਆਂ ਧਾਰੀਆਂ ਸਨ। ਇਉਂ ਜਾਪਦਾ ਸੀ ਜਿਵੇਂ ਉੱਜਲ ਦਿਨਾਂ ਤੇ ਭਿਆਨਕ ਰਾਤਾਂ ਦੀਆਂ ਸਿਲਸਿਲਾ-ਵਾਰ ਕਤਾਰਾਂ ਉਸ ਦੇ ਬਲ ਦੇ ਗੁਬਾਰੇ ਸਰੀਰ ਉਤੇ ਲਗੀਆਂ ਹੋਈਆਂ ਹੋਣ। ਕਿੰਨਾ ਸੁੰਦਰ ਤੇ ਕਿੰਨਾ ਭਯੰਕਰ! ਜਦੋਂ ਅਧੋ-ਮੀਟੀ ਵਿੱਚ ਉਸ ਨੇ ਆਪਣਾ ਸਿਰ ਚੁਕ ਕੇ ਘੁਮਾਇਆ, ਰਾਜਿਆਂ ਨੂੰ ਉਸ ਦਾ ਮੂੰਹ ਕਾਲ ਦਾ ਮੁਖ ਜਾਪਿਆ। ਰਾਜਿਆਂ ਦੇ ਇਸ਼ਾਰੇ ਤੇ ਤੋੜੇ ਤੇ ਤੁਪਕਾਂ ਤਿਆਰ ਹੋ ਗਈਆਂ। ਸ਼ੇਰ ਨੇ ਮਾਨੋਂ ਅੰਦਾਜ਼ਾ ਲਗਾਇਆ ਕਿ ਉਪਰ ਦਾ ਰਸਤਾ ਬੰਦ ਹੈ। ਇੱਕ ਤਕਣੀ ਨਾਲ ਉਸ ਨੇ ਖੱਡ ਦੇ ਉਪਰ ਖੜੇ ਜੋਧਿਆਂ ਨੂੰ ਜਿਵੇਂ ਦੇਖ ਲਿਆ ਸੀ। ਸ਼ੇਰ ਹਾਲੀਂ ਸਤਿਗੁਰਾਂ ਦੀ ਦ੍ਰਿਸ਼ਟੀ ਤੋਂ ਉਹਲੇ ਸੀ। ਰਾਜਿਆਂ ਨੇ ਇਉਂ ਸਮਝਿਆ ਜਿਵੇਂ ਸ਼ੇਰ ਨੇ ਖੱਡ ਦੇ ਮੂੰਹ ਰਸਤੇ ਨਿਕਲਣ ਦਾ ਫ਼ੈਸਲਾ ਕੀਤਾ ਹੈ। ਉਸ ਸਮੇਂ ਇਕ ਹੋਰ ਲਲਕਾਰ ਗੂੰਜੀ, "ਗੀਦੀ ਵੱਗ-ਘਾਤਕ, ਮੁਰਦਾਰ-ਖ਼ੋਰ, ਕਾਯਰ ਸ਼ੇਰਾਂ ਵਾਂਗ ਸਾਹਮਣੇ ਆ ਤੇ ਮੁਕਾਬਲਾ ਕਰ।" ਸ਼ੇਰ, ਸਾਹਿਬਾਂ ਦੀ ਲਲਕਾਰ ਸੁਣ ਕੇ ਮੂੰਹ ਚੁੱਕ ਕੇ ਦਹਾੜਿਆ। ਇਸ ਗਰਜਵੀਂ ਤੇ ਚੀਕਵੀਂ ਦਹਾੜ ਨਾਲ ਕਈ ਅਟਕੇ-ਅਟਕਾਏ ਪੱਥਰ ਖੱਡ ਵਿੱਚੋਂ ਰਿੜ੍ਹ ਪਏ। ਉਭਰਵੀਂ ਛਾਲ ਨਾਲ ਉਹ ਨੜਿਆਂ ਦੇ ਉਤੋਂ ਦੀ ਟੱਪ ਗਿਆ। ਬਿਲੀ ਵਾਂਗ ਅਛੋਪਲੇ ਪਰ ਬਿਜਲੀ ਵਾਂਗ ਤੇਜ਼ ਉਹ ਖੱਡ ਦੇ ਮੂੰਹ ਨੂੰ ਵਧਿਆ। ਪਰ ਅੱਗੇ ਸਾਹਿਬਾਂ ਨੂੰ ਰਸਤਾ ਰੋਕੀ ਖੜੇ ਦੇਖਿਆ। ਝਿਝਕਿਆ। ਫੇਰ ਮਨ ਬਣਾਇਆ ਅਤੇ ਤੇਜ਼ ਨੱਸ ਕੇ ਛਲਾਂਗ ਚੁੱਕੀ। ਪੈਂਤੜੇ ਤੇ ਆ ਕੇ ਸਾਹਿਬਾਂ ਦੇ ਪੱਟ ਥੰਮਾਂ ਵਾਂਗ ਦ੍ਰਿੜ੍ਹ ਹੋ ਗਏ ਸਨ। ਛਲਾਂਗ ਚੌਕੜੀ ਵਿੱਚ ਬਦਲੀ ਅਤੇ ਸੰਢੇ ਦੇ ਕਦ ਦਾ ਸ਼ੇਰ ਮਾਨੋਂ ਹਵਾ ਵਿੱਚ ਉਡ ਖਲੋਤਾ। ਸਤਿਗੁਰਾਂ ਨੇ ਆਪਣੀ ਢਾਲ ਨਾਲ ਉਸ ਦੀ ਛਾਲ ਨੂੰ ਰੋਕਿਆ ਹੀ ਨਹੀਂ, ਸਗੋਂ ਇਕ ਭਰਪੂਰ ਝਟਕਾ ਦੇ ਕੇ ਮਾਨੋਂ ਢਾਲ ਨਾਲ ਵਾਰ ਕੀਤਾ। ਬਲਵਾਨ ਛਾਲ ਨਾਲ ਅਗਲੇ ਪੰਜਿਆਂ ਅਤੇ ਖੁਲ੍ਹੇ ਮੂੰਹ ਨਾਲ ਉਹ ਸਤਿਗੁਰਾਂ ਦੀ ਖੱਬੀ ਬਾਂਹ ਦੇ ਝਟਕੇ ਵਾਲੀ ਢਾਲ ਤੇ ਜ਼ੋਰ ਨਾਲ ਟਕਰਾਇਆ। ਇਸ ਟਕਰਾਉ ਦੀ ਗਤੀ ਕਿਸੇ ਚਟਾਨ ਤੇ ਵਜਣ ਸਮਾਨ ਸੀ, ਪਰ ਇੰਨਾ ਸਖ਼ਤ ਪਟਕਣ ਦੇ ਬਾਵਜੂਦ ਸ਼ੇਰ ਨੇ ਢਾਲ ਦੇ ਉਪਰਲੇ ਕੰਢੇ ਨੂੰ ਆਪਣੇ ਦੋਹਾਂ ਪੰਜਿਆਂ ਵਿਚ ਕੱਸ ਲਿਆ। ਫੁਰਤੀ ਨਾਲ ਉਹ ਪਿਛਲੇ ਪਹੁੰਚਿਆਂ ਨੂੰ ਸਾਹਿਬਾਂ ਦੇ ਪੱਟਾਂ ਵਿਚ ਅੜਾਉਣ ਲਈ ਇਕੱਠਾ ਹੋ ਰਿਹਾ ਸੀ ਕਿ ਉਸ ਤੋਂ ਵੀ ਵਧ ਫੁਰਤੀ ਨਾਲ ਸ਼ਮਸ਼ੇਰ-ਬਹਾਦਰ ਕਲਗੀਧਰ ਦੀ ਸ਼ਮਸ਼ੇਰ ਇਕੱਠੇ ਹੁੰਦੇ ਢਿੱਡ ਵਿਚ ਧਸ ਗਈ। ਉਸ ਦੇ ਹਾਥੀ ਨੂੰ ਪਾੜ ਦੇਣ ਵਾਲੇ ਪੰਜੇ ਧਰਤ ਨੂੰ ਲਗ ਗਏ। ਸ਼ਮਸ਼ੇਰ ਪੇਟ ਨੂੰ ਚੀਰ ਕੇ ਪਿੱਠ ਵਿਚੋਂ ਨਿਕਲ ਗਈ ਸੀ। ਸ਼ੇਰ ਦੀ ਪਕੜ ਢਾਲ ਤੇ ਹਾਲੀ ਵੀ ਬਲਵਾਨ ਸੀ, ਪਰ ਪੇਟ ਵਿਚੋਂ ਤਲਵਾਰ ਲੰਘ ਜਾਣ ਕਰਕੇ ਉਹ ਆਪਣੇ ਪਿਛਲੇ ਪੈਰ ਇਕੱਠੇ ਕਰ ਕੇ, ਗੁਰੂ ਜੀ ਤੇ ਵਾਰ ਨਹੀਂ ਸੀ ਕਰ ਸਕਦਾ। ਲਹੂ ਪਰਨਾਲੇ ਵਾਂਗ ਚੱਲ ਰਿਹਾ ਸੀ। ਬੇਵਸ ਸ਼ੇਰ ਦੀਆਂ ਅੱਖਾਂ ਦੀ ਘਟਦੀ ਚਮਕ ਨੂੰ, ਧਕ ਕੇ ਰੱਖੇ ਢਾਲੇ ਦੇ ਪੌਣਾ ਕੁ ਗਜ਼ ਪਿਛੋਂ, ਸਤਿਗੁਰੂ ਜੀ ਦੇ ਨੇਤਰ ਜਾਚ ਰਹੇ ਸਨ। ਹੁਣ ਢਾਲੇ ਤੇ ਬਲ ਦਾ ਭਾਰ ਘਟ ਰਿਹਾ ਸੀ। ਕੇਵਲ ਭਾਰ ਦਾ ਭਾਰ ਹੀ ਸੀ। ਸਤਿਗੁਰਾਂ ਨੇ ਸ਼ਮਸ਼ੇਰ ਨੂੰ ਅੱਧਾ ਕੁ ਖਿੱਚਿਆ। ਪਿੱਠ ਵਿਚੋਂ ਨਿਕਲਿਆ ਸਿਰਾ ਸ਼ੇਰ ਦੇ ਸਰੀਰ ਵਿਚ ਲੋਪ ਹੋ ਗਿਆ। ਸ਼ੇਰ ਦੀਆਂ ਅਖਾਂ ਬੁਝਣ ਵਾਲੀਆਂ ਜਾਪਦੀਆਂ ਸਨ ਕਿ ਸਤਿਗੁਰਾਂ ਨੇ ਸ਼ਮਸ਼ੇਰ ਨੂੰ ਕਢਦਿਆਂ ਇਸ ਤਰ੍ਹਾਂ ਆਪਣੇ ਵਲ



www.AKJ.Org

# ਖ਼ਾਲਸਾ ਸੋ ਜੋ......

[ ਭਾਈ ਸਾਹਿਬ ਭਾਈ ਵੀਰ ਸਿੰਘ ਜੀ ]

'ਖਾਲਸਾ' ਅੰਦਰੋਂ ਜੋਤ-ਜਗੀ ਸਦਾ ਹੀ ਜਾਗਦੀ ਜੋਤ ਨੂੰ ਜਪਦਾ ਹੈ। ਹੰਕਾਰ ਤੋਂ ਉੱਚਾ ਉਠ, ਚੜ੍ਹਦੀਆਂ ਕਲਾਂ ਵਿਚ ਵਸਦਾ ਹੈ। ਸਾਰੇ ਕੰਮ ਵੀ ਕਰਦਾ ਹੈ ਤੇ ਜੰਗ ਵਿਚ ਵੀ ਜਾ ਪੁਜਦਾ ਹੈ। ਨਾ ਤਿਆਗੀ ਵਾਂਗੂ ਢਹਿੰਦੀਆਂ ਕਲਾਂ ਵਿਚ ਜਾਂਦਾ ਹੈ ਨਾ ਹੀ ਹੰਕਾਰੀ ਵਾਂਗ ਜ਼ੋਰ ਜ਼ੁਲਮ ਕਮਾਂਦਾ ਹੈ। ਉਹ ਜੰਗ ਵਿਚ ਜਾਂਦਾ ਹੈ, ਪਰ ਉਹ ਜੰਗ ਵਿਚ ਵੀ ਖੇਡੇਗਾ ਧਰਮ ਪਿੱਛੇ, ਨੇਕੀ ਪਿੱਛੇ। ਉਪਕਾਰ ਪਿੱਛੇ ਯੁੱਧ ਵਿਚ ਜਾਏਗਾ।

ਖ਼ਾਲਸਾ ਲੜਦਾ ਹੈ ਅਸੂਲ ਲਈ, ਸੱਚ ਲਈ। ਸੱਚ ਦੇ ਅਸੂਲ ਜਦ ਜਗਤ ਦੇ ਜ਼ੁਲਮ ਨਾਲ ਤਬਾਹ ਹੋਣ ਲਗਣ ਤਦ ਖ਼ਾਲਸੇ ਦਾ ਨੇਮ ਹੈ ਕਿ ਬੀਰਤਾ ਨਾਲ ਉਸਨੂੰ ਬਚਾਵੇ, ਜਗਤ ਦੇ ਜ਼ੁਲਮ ਅੱਗੇ ਆਪਣਾ ਸੋਹਣਾ ਆਪਾ ਲੰਮਾ ਨ ਪਾ ਦੇਵੇ, ਪਰ ਬੀਰਤਾ ਦੇ ਨਾਲ ਜ਼ੁਲਮ ਨੂੰ ਕਟ ਸੁਟੇ।

ਖ਼ਾਲਸਾ ਸੋ ਜੋ ਅੰਦਰੋਂ ਜੋਗੀ ਹੋਵੇ, ਜੋਗ ਨਾਮ ਤੇ ਬਾਣੀ ਦਾ। ਖ਼ਾਲਸਾ ਸੋ ਜੋ ਜ਼ਾਲਮ ਦੀ ਇੱਟ ਆਵੇ ਤਾਂ ਪੱਥਰ ਨਾਲ ਉਸ ਦੀ ਇੱਟ ਭੰਨ ਦੇਵੇ। ਆਪੇ ਤੇ ਫ਼ਤਹ ਪਾ ਕੇ ਮੌਤ ਨੂੰ ਤੁੱਛ ਸਮਝੇ ਤੇ ਡਰੇ ਨਾ, ਪਰ ਅੰਦਰ ਦੇ ਉਮਾਹ ਨਾਲ ਦੇਹੀ ਨੂੰ ਸਫ਼ਲ ਕਰੇ। ਹਰ ਇਕ ਸਿੱਖ ਜੋਤ ਜਗੀ ਵਾਲਾ, ਅੰਦਰੋਂ ਇਕ ਦੀ ਟੇਕ ਵਾਲਾ, ਨਿਰਭੈ ਰਹਿਣ ਵਾਲਾ, ਪਰ ਭੈ ਨਾ ਦੇਣ ਵਾਲਾ, ਨਿਰਵੈਰ ਖ਼ਾਲਸਾ ਹੈ। ਐਸੇ ਸਾਰੇ ਸਿੱਖਾਂ ਦਾ ਇਕੱਠ ਖ਼ਾਲਸਾ ਹੈ। ਗੁਰੂ ਵੀ ਖ਼ਾਲਸਾ ਹੈ। ਖ਼ਾਲਸਾ ਵੀ ਗੁਰੂ ਹੈ। ਖ਼ਾਲਸਾ ਰੱਬ ਦੀ ਗੋਦ ਵਿਚ ਖੇਡ ਰਿਹਾ ਇਕ ਰੂਹਾਨੀ ਖ਼ਿਆਲ ਹੈ, ਧਿਆਨ ਹੈ, ਆਦਰਸ਼ ਹੈ, ਜਿਸ ਉੱਤੇ ਹਰ ਸਿੱਖ ਦਾ ਖ਼ਿਆਲ ਟਿਕ ਰਿਹਾ ਹੈ, ਜਿਵੇਂ ਜਹਾਜ਼ ਚਲਾਉਣ ਵਾਲੇ ਦਾ ਖ਼ਿਆਲ ਮੁਨਾਰੇ ਦੇ ਦੀਵੇ (ਲਾਈਟ-ਹਾਊਸ) ਤੇ ਟਿਕਦਾ ਹੈ। ਖ਼ਾਲਸਾ ਉਹ ਨਮੂਨਾ ਹੈ ਜਿਸ ਉੱਤੇ ਆਇਆਂ ਜਗਤ ਦੀ ਕਲਿਆਨ ਹੁੰਦੀ ਹੈ।

ਖ਼ਾਲਸਾ ਕਦੇ ਨਹੀਂ ਹਾਰੇਗਾ; ਪਰ ਜਿਸ ਦਿਨ ਨਾਮ ਨਾਲ ਪ੍ਰੀਤ ਤੋੜੇਗਾ, ਜੋਤ ਨਾਲੋਂ ਵਿਥ ਕਰ ਜਾਏਗਾ।...ਜਦ ਤਕ ਜੋਤ ਨੂੰ ਜਪਦਾ ਹੈ, ਬਾਣੀ ਦੀ ਖ਼ੁਰਾਕ ਤੇ ਮਨ ਨੂੰ ਪਾਲਦਾ ਹੈ। ਨਿਰਵੈਰ ਹੈ, ਭੈ ਦੇਂਦਾ ਨਹੀਂ ਤੇ ਨਾ ਹੀ ਭੈ ਮੰਨਦਾ ਹੈ।

ਸੰਗ੍ਰਹਿ ਕਰਤਾ ਗਿ: ਗੋਪਾਲ ਸਿੰਘ ਜੀ ਮਿਤਰ

---

✲ ਖਿੱਚਿਆ ਕਿ ਸ਼ਮਸ਼ੇਰ ਦਾ ਦੁਧਾਰਾ ਸਿਰਾ ਅੰਦਰਲੇ ਪਾਸਿਓਂ ਪੇਟ ਨੂੰ ਸੀਨੇ ਤਕ ਦਾਤਰ ਵਾਂਗ ਕਟ ਗਿਆ ਤੇ ਭਾਰੀ ਆਂਦਰਾਂ ਤੇ ਓਝਰ ਧਰਤੀ ਤੇ ਡਿਗ ਪਿਆ। ਢਾਲੇ ਤੇ ਭਾਰ ਕਾਫ਼ੀ ਘਟ ਗਿਆ। ਨਾਲ ਹੀ ਸਤਿਗੁਰਾਂ ਨੇ ਆਪਣੇ ਪੂਰੇ ਤ੍ਰਾਣ ਨਾਲ ਢਾਲ ਨੂੰ ਧੱਕਾ ਦਿੱਤਾ। ਸ਼ੇਰ ਲੜ-ਖੜਾ ਕੇ ਧਰਤੀ ਤੇ ਡਿੱਗਾ ਅਤੇ ਇਕ ਪਲਸੇਟੇ ਨਾਲ ਚਿਤ ਹੋ ਗਿਆ।

ਮਾਮਾ ਕਿਰਪਾਲ ਜੀ ਨੇ ਭੱਜ ਕੇ ਸਤਿਗੁਰਾਂ ਨੂੰ ਆਪਣੀ ਗਲਵੱਕੜੀ ਵਿਚ ਕੱਸ ਲਿਆ। ਇੰਨੇ ਨੂੰ ਸੰਗੋਸ਼ਾਹ, ਜੀਤ ਮੱਲ, ਗੁਲਾਬ ਚੰਦ ਤੇ ਗੰਗਾ ਰਾਮ ਆ ਕੇ ਸਤਿਗੁਰਾਂ ਦੀਆਂ ਬਾਹਾਂ ਤੇ ਲੱਤਾਂ ਘੁੱਟਣ ਲਗੇ, ਪਰ ਸਤਿਗੁਰਾਂ ਨੇ ਮੁਸਕਰਾਉਂਦਿਆਂ ਨੂੰ ਇੱਦਾਂ ਕਰਨ ਤੋਂ ਰੋਕ ਦਿਤਾ। ਕੁਝ ਚਿਰ ਵਿਚ ਦੋਵੇਂ ਰਾਜੇ ਵੀ ਸੈਨਾ-ਪਤੀਆਂ ਸਮੇਤ ਬਲੇ ਆ ਗਏ ਤੇ ਸ਼ੇਰ ਦਾ ਕੱਦ ਕਾਠ ਦੇਖ ਕੇ ਉਂਗਲਾਂ ਮੂੰਹ ਵਿਚ ਪਾ ਲਈਆਂ। ਇੰਨੇ ਨੂੰ ਸਾਰੇ ਸੈਨਕ ਤੇ ਸਿਖ ਜੋਧੇ ਵੀ ਆ ਇਕੱਠੇ ਹੋਏ ਤੇ ਸਤਿਗੁਰੂ ਦੇ ਸਾਹਸ ਤੇ ਬਲ ਦੀ ਪ੍ਰਸੰਸਾ ਕਰਨ ਲਗੇ। ਝਟ ਹੀ, 'ਸ੍ਰੀ ਗੁਰੂ ਜੀ ਦੀ ਜੈ!' 'ਕਲਗੀਧਰ ਜੀ ਦੀ ਜੈ!' 'ਸਤਿ ਸ੍ਰੀ ਅਕਾਲ!' ਦੇ ਨਾਹਰੇ ਗੂੰਜਣ ਲਗੇ ਅਤੇ ਕਿੰਨਾ ਚਿਰ ਗੂੰਜਦੇ ਹੀ ਰਹੇ।

['ਕਲਗੀ ਦੀਆਂ ਅਣੀਆਂ' ਪੁਸਤਕ ਵਿਚੋਂ



www.AKJ.Org

# ਵਿਸਾਖੀ ਦਾ ਸੰਦੇਸ਼

[ਸ: ਸੰਤਾ ਸਿੰਘ ਜੀ ਆਜਿਜ਼]

ਆ ਗੁਰ ਚਰਨਾਂ ਤੇ ਝੁਕ ਗਏ, ਪੰਜ ਗੁਰੂ ਸੰਵਾਰੇ।
ਜਦ ਦਸਮ ਪਿਤਾ ਸਿਰ ਮੰਗਿਆ, ਸਿਰ ਹੱਸ ਹੱਸ ਵਾਰੇ।
ਉਨ੍ਹਾਂ ਜੀਵਨ ਦਾ ਮੋਹ ਤੋੜਿਆ, ਮੌਤੋਂ ਬਲਿਹਾਰੇ।
ਕੁਰਬਾਨ ਹੋਏ ਗੁਰ ਪੰਥ ਤੋਂ, ਉਹ ਪੰਜ ਪਿਆਰੇ।

ਛਕ ਅੰਮ੍ਰਿਤ ਗੁਰ ਦਸਮੇਸ਼ ਤੋਂ, ਸਿੰਘ ਸਜੇ ਸੁਭਾਗੇ।
ਬਣ ਨਿਡਰ ਬਹਾਦਰ ਸੂਰਮੇ, ਡਰ ਖ਼ੌਫ਼ ਤਿਆਗੇ।
ਮਨੋਂ ਤਜੀ ਨਿਰਾਸ਼ਾ, ਹੀਨਤਾ, ਸੁੱਤੜੇ ਬਲ ਜਾਗੇ।
ਉਹ ਖੇਲ੍ਹ ਪ੍ਰੇਮ ਦੀ ਖੇਲ੍ਹ ਗਏ, ਲਗਿ ਪ੍ਰੀਤਮ ਪਾਗੇ।

ਪੰਜ ਕੱਕੇ ਬਖਸ਼ੇ ਸਤਿਗੁਰਾਂ, ਅਤੇ ਰਹਿਤ ਨਿਰਾਲੀ।
ਕੱਛ, ਕੰਘਾ, ਕੜਾ, ਕੇਸਕੀ, ਗਲੇ ਕਿਰਪਾਨ ਜਲਾਲੀ।
ਨਿੱਤ ਗੁਰਬਾਣੀ ਦਾ ਪਾਠ, ਕੀਰਤਨ ਘਾਲਨ ਘਾਲੀ।
ਇਉਂ ਗੁਰਾਂ ਸਜਾਇਆ ਖਾਲਸਾ, ਗੁਰ ਪੰਥ ਅਕਾਲੀ।

ਉਸ ਸੁੱਚੇ ਜੌਹਰੀ ਚੁਣ ਲਏ ਹੀਰੇ ਤੇ ਪੰਨੇ।
ਉਸ ਡੁੱਬ ਰਹੀ ਬੇੜੀ ਧਰਮ ਦੀ, ਧਾ ਲਾਈ ਬੰਨੇ।
ਉਸ ਮੁਗਲਾਂ ਦੇ ਅਭਿਮਾਨ ਦੇ, ਮੂੰਹ ਮੱਥੇ ਭੰਨੇ।
ਉਸ ਦੁਖੀਆਂ ਦਾ ਦੁੱਖ ਪੀ ਲਿਆ, ਜੱਗ ਸਾਰਾ ਮੰਨੇ।

ਉਸ ਜ਼ਾਤ ਪਾਤ ਤੇ ਵਰਨ ਦੇ, ਸਭ ਸੰਗਲ ਤੋੜੇ।
ਉਸ ਚੀਰੇ ਨਸ਼ਤਰ ਪਕੜ ਕੇ, ਭਰਮਾਂ ਦੇ ਫੋੜੇ।
ਉਸ ਵਾਰੇ ਪਿਤਾ ਪਿਆਰੜੇ, ਲਾਲਾਂ ਦੇ ਜੋੜੇ।
ਉਸ ਵਾਰੇ ਸਾਥੀ ਸੂਰਮੇ, ਰੱਥ, ਹਾਥੀ, ਘੋੜੇ।

ਸਿੰਘ ਚਾਰ ਕੁਰਹਿਤਾਂ ਨਾ ਕਰੇ, ਸਤਿਗੁਰ ਫ਼ੁਰਮਾਇਆ।
ਹਰ ਨਸ਼ਾ ਤੇ ਕੁੱਠਾ ਮਾਸ ਵੀ, ਗੁਰਾਂ ਜ਼ਹਿਰ ਬਤਾਇਆ।
ਰੋਮਾਂ ਦਾ ਕਟਾਉਣਾ ਜੁਰਮ ਹੈ, ਫ਼ਰਮਾਨ ਸੁਣਾਇਆ।
ਪਰ ਤ੍ਰਿਆ ਦੇ ਵੱਲ ਝਾਕਣਾ, ਨਰਕਾਂ ਦਾ ਸਾਇਆ।

ਗੁਰਾਂ ਝੂਣ ਜਗਾਇਆ ਕੌਮ ਨੂੰ, ਜਾਗੇ ਨਰ ਨਾਰੀ।
ਸਦੀਆਂ ਦੀ ਢੱਠੀ ਕੌਮ ਨੂੰ, ਚੁੱਕਿਆ ਬਹੁ ਵਾਰੀ।
ਸ਼ੇਰਾਂ ਦੀ ਕੁਚਲੀ ਅਣਖ ਨੂੰ, ਟੁੰਬਿਆ ਬਲਕਾਰੀ।
ਦਾਸਾਂ ਨੂੰ ਰਾਜ ਬਹਾਲਿਆ, ਬਖਸ਼ੀ ਸਰਦਾਰੀ।

ਕਿਉਂ ਕੌਮੀ ਹਿਤ ਲਈ ਅੱਜ ਗ਼ਫ਼ਲਤਾਂ ਬੇਪਰਵਾਹੀਆਂ ?
ਕਿਉਂ ਗ਼ਰਜ਼ਾਂ ਲਈ ਸਹੇੜੀਆਂ ਬੇਅਰਥ ਲੜਾਈਆਂ ?
ਕਿਉਂ ਬਣ ਮਨਮਤੀਏ ਕਰ ਰਹੇ ਪੰਥਕ ਰੁਸਵਾਈਆਂ ?
ਕਿਉਂ ਪੰਥ ਨੂੰ ਗਾਰਤ ਕਰ ਰਹੇ, ਦੇ ਪੰਥ ਦੁਹਾਈਆਂ ?

ਹਰ ਸਾਲ ਵਿਸਾਖੀ ਆਪਣਾ, ਸੰਦੇਸ਼ ਸੁਣਾਵੇ।
ਕਿਵੇਂ ਕਲਪੀ ਕਾਇਆਂ ਕੇਸਗੜ੍ਹ, ਰਮਜ਼ਾਂ ਸਮਝਾਵੇ।
ਕਿਉਂ ਪਤਝੜ ਪੰਥਕ ਚਮਨ ਤੇ, ਰੋਹ ਖਾਵੇ ਮਾਲੀ।
ਕਿਉਂ ਵੈਰੀ ਫਿਰੇ ਲਿਤਾੜਦਾ, ਫੁੱਲ, ਪਤੇ, ਡਾਲੀ।

# ਖ਼ਾਲਸਾ ਹੈ ਰੂਪ ਖ਼ਾਲਸ

ਖ਼ਾਲਸਾ' ਹੈ ਰੂਪ ਖ਼ਾਲਸ ਸਤਿਗੁਰੂ ਦਸਮੇਸ਼ ਦਾ।
'ਪੁੱਤ ਬਣ ਕੇ ਪ੍ਰਗਟਿਆ ਇਹ 'ਬਾਦਸ਼ਾਹ ਦਰਵੇਸ਼' ਦਾ।
ਸੂਰਤ ਹੈ ਸਾਬਤ ਰੱਬ ਦੀ, ਉਹੀ ਰੂਪ ਤੇ ਰੰਗ ਹੈ।
ਰਾਖਾ ਹੈ ਉਹ ਸਦ ਏਸਦਾ ਤੇ ਸਦਾ ਹੀ ਅੰਗ ਸੰਗ ਹੈ।
ਖ਼ਾਲਸਾ ਹੈ ਜਿੰਦ ਉਸਦੀ, ਖ਼ਾਲਸਾ ਹੀ ਜਾਨ ਹੈ।
ਖ਼ਾਲਸਾ ਹੀ ਇਸ਼ਟ ਉਸਦਾ, ਖ਼ਾਲਸਾ ਈਮਾਨ ਹੈ।
ਖ਼ਾਲਸਾ ਹੀ ਮਿਤ੍ਰ ਹੈ ਤੇ ਸਜਣ ਸੂਰਾ ਓਸ ਦਾ।
ਬਣ ਗਿਆ ਮੁਰੀਦ ਤੋਂ ਇਹ ਗੁਰੂ ਪੂਰਾ ਓਸ ਦਾ।
ਲੈ ਕੇ ਹੁਕਮ ਅਕਾਲ ਦਾ ਉਸ ਖ਼ਾਲਸਾ ਇਹ ਸਾਜਿਆ।
ਗੁਰੂ ਕਹਿ ਕੇ ਏਸਨੂੰ ਹੈ ਆਪ ਓਸ ਨਿਵਾਜਿਆ।
ਫ਼ੁਰਮਾਇਆ, ਇਹ 'ਖ਼ਾਲਸਾ ਅਕਾਲ ਪੁਰਖ ਕੀ ਫ਼ੌਜ' ਹੈ।
ਪ੍ਰਗਟਿਆ ਇਹ ਖ਼ਾਲਸਾ 'ਪਰਮਾਤਮ ਕੀ ਮੌਜ' ਹੈ।

[ਗਿ: ਗੋਪਾਲ ਸਿੰਘ ਜੀ ਮਿੱਤਰ]

ਦਾਨ ਦਿੱਤਾ ਖ਼ਾਲਸੇ ਨੂੰ ਗੁਰੂ ਦਰ ਪਰਵਾਨ ਹੈ।
ਸੇਵ ਕੀਤੀ ਖ਼ਾਲਸੇ ਦੀ ਫਲੇ ਵਿਚ ਜਹਾਨ ਹੈ।
ਬਖਸ਼ੀਆਂ ਨੇ ਖ਼ਾਲਸੇ ਨੂੰ ਦਸਮ ਗੁਰ ਸਰਦਾਰੀਆਂ।
ਮਾਸੂਮ ਜਿੰਦਾਂ ਪੁਤਰਾਂ ਦੀਆਂ ਏਸ ਉੱਤੋਂ ਵਾਰੀਆਂ।
ਰੰਗ ਭਰਿਆ ਖ਼ਾਲਸੇ ਵਿਚ ਖ਼ੂਨ ਲਾ ਸਰਬੰਸ ਦਾ।
ਭਾਵੇਂ ਰਿਹਾ ਨਾ ਚਿੰਨ੍ਹ ਕੋਈ, ਜੱਗ ਵਿਚ ਹੀ ਅੰਸ ਦਾ।
ਇਹ ਆਖਿਆ, ਕੀ ਹੋਇਆ ਹੋਵਣਹਾਰ ਮੇਰੇ ਟੁਰ ਗਏ ?
ਜੀਂਦੇ ਨੇ ਕਈ ਹਜ਼ਾਰ ਜੇ ਕਰ ਚਾਰ ਮੇਰੇ ਟੁਰ ਗਏ।
ਧੰਨ ਗੁਰੂ ਗੋਬਿੰਦ ਸਿੰਘ, 'ਮਿੱਤਰ' ਜੀ ਧੰਨ ਸੰਤਾਨ ਹੈ।
ਕੌਮ ਨੂੰ ਅਜ ਖ਼ਾਲਸੇ ਤੇ ਫ਼ਖ਼ਰ ਅੱਤੇ ਮਾਣ ਹੈ।
ਯਾਦ ਰੱਖੋ ਖਾਲਸੇ ਦਾ ਸਦਾ ਡੰਕਾ ਵਜੇਗਾ।
ਹਰ ਪ੍ਰੀਖਿਆ ਚੋਂ ਪਾਸ ਹੋ ਕੇ ਸ਼ੇਰ ਵਾਂਗੂ ਗਜੇਗਾ।

www.AKJ.Org

# ਸਿੱਖੀ ਦਾ ਸ਼ਿੰਗਾਰ–ਕੇਸ

[ ਭਾਈ ਰਣਵੀਰ ਸਿੰਘ ਖਾਲਸਾ, ਫਰਵਾਲਾ ]

ਸ੍ਰਿਸ਼ਟੀ ਦੇ ਕਰਤਾ ਪੁਰਖ (ਪ੍ਰਭੂ) ਦੀ ਪ੍ਰਾਪਤੀ ਲਈ ਸਚਿਆਰ ਬਣਨ, ਮਨ ਦੀ ਪਵਿਤਰਤਾ ਤੇ ਪ੍ਰਭੂ ਸਿਮਰਨ ਦੀ ਲੋੜ ਹੈ। ਇਨ੍ਹਾਂ ਗੁਣਾਂ ਦੀ ਪ੍ਰਾਪਤੀ ਵਾਹਿਗੁਰੂ ਦੀ ਰਜ਼ਾ ਵਿਚ ਰਹਿ ਕੇ ਹੀ ਹੋ ਸਕਦੀ ਹੈ। ਵਾਹਿਗੁਰੂ ਦੀ ਰਜ਼ਾ ਵਿਚ ਰਹਿਣ ਲਈ ਜਿਥੇ ਹੋਰ ਅਸੂਲਾਂ ਦੀ ਪਾਲਣਾ ਕਰਨ ਦੀ ਲੋੜ ਹੈ, ਓਥੇ ਪ੍ਰਭੂ ਜੀ ਨੇ ਜਿਵੇਂ ਸਰੀਰ ਬਖ਼ਸ਼ਿਆ ਹੈ, ਉਸੇ ਮੁਤਾਬਕ ਸਾਬਤ ਸੂਰਤ ਹੋਣਾ ਅਤਿ ਜ਼ਰੂਰੀ ਹੈ। ਉਸ ਦੀ ਭੰਨ-ਤੋੜ ਕਰਨੀ ਹੁਕਮ ਤੋਂ ਮੂੰਹ ਮੋੜਨਾ ਹੈ।

ਪ੍ਰਮਾਤਮਾ ਵੀ ਕੇਸਾਧਾਰੀ ਹੈ। ਸਾਕਾਰ ਰੂਪ ਵਿਚ ਵਾਹਿਗੁਰੂ ਦਾ ਨਾਂ ਕੇਸਵ (ਕੇਸਾਂ ਦਾ ਧਾਰਨੀ) ਹੈ। ਭਿਗਤ ਨਾਮਦੇਵ ਜੀ ਪ੍ਰਮਾਤਮਾ ਨੂੰ ਕੇਸਾ-ਧਾਰੀ ਹੀ ਦਸਦੇ ਹਨ :–

ਮੇਰੋ ਬਾਪੁ ਮਾਧਉ ਤੂੰ ਧਨੁ, ਕੇਸੌ ਸਾਂਵਲੀਓ ਬੀਠੁਲਾਇ ॥੧॥ਰਹਾਉ॥ (੯੮੮)

ਸਿਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਮਾਤਮਾ ਦੇ ਸੰਬੰਧ ਵਿਚ ਇਸ ਤਰ੍ਹਾਂ ਫੁਰਮਾਉਂਦੇ ਹਨ :–

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥੭॥ (੫੬੭)

ਯਹੂਦੀਆਂ, ਮੁਸਲਮਾਨਾਂ ਤੇ ਈਸਾਈਆਂ ਵਿਚ ਵੀ ਪ੍ਰਭੂ ਨੂੰ ਕੇਸਾਂ ਵਾਲਾ ਮੰਨਿਆ ਗਿਆ ਹੈ। ਉਨ੍ਹਾਂ ਦੇ ਵਚਾਰ ਮੁਤਾਬਕ ਪ੍ਰਭੂ ਨੇ ਇਨਸਾਨ ਨੂੰ ਆਪਣੀ ਹੀ ਸੂਰਤ ਤੇ ਪੈਦਾ ਕੀਤਾ ਹੈ। ਬਾਬਾ ਆਦਮ ਵੀ ਜਟਾਂ ਵਾਲਾ ਸੀ।

ਕਿਸੇ ਲਿਖਾਰੀ ਨੇ ਕੇਸਾਂ ਦੀ ਮਹੱਤਤਾ ਦੱਸਦੇ ਹੋਏ ਲਿਖਿਆ ਹੈ, ਸਰੀਰ ਤੇ ਸਭ ਤੋਂ ਲੰਬੇ ਤੇ ਜ਼ਿਆਦਾ ਕੇਸ ਸਿਰ ਤੇ ਕਿਉਂ ਹਨ, ਇਸ ਦਾ ਕਾਰਨ ਇਹ ਹੈ ਕਿ ਸਿਰ (ਦਿਮਾਗ) ਸਾਰੀਆਂ ਜਿਸਮਾਨੀ ਸ਼ਕਤੀਆਂ ਦਾ ਪਾਵਰ-ਹਾਊਸ ਹੈ। ਅਤੇ ਹਰ ਤਰ੍ਹਾਂ ਦੀ ਸੋਚ-ਸ਼ਕਤੀ ਦਿਮਾਗ ਵਿਚ ਹੀ ਫੁਰਦੀ ਹੈ। ਇਸ ਕਰਕੇ ਹੀ ਪ੍ਰਮਾਤਮਾ ਨੇ ਦਿਮਾਗ ਦੀ ਰੱਖਿਆ ਲਈ ਸਿਰ ਤੇ ਜ਼ਿਆਦਾ ਕੇਸ ਪੈਦਾ ਕੀਤੇ ਹਨ। ਕੇਸ ਸਰੀਰ ਦਾ ਇਕ ਜ਼ਰੂਰੀ ਭਾਗ ਹਨ। ਕੇਸ ਮਨੁੱਖ ਦੀ ਸ੍ਰੀਰਕ ਤੇ ਆਤਮਕ ਤੌਰ ਤੇ ਬਹੁਤ ਰੱਖਿਆ ਕਰਦੇ ਹਨ। ਤੁਰਕ ਲੋਕ ਅੱਜ ਵੀ ਕੇਸਾ-ਧਾਰੀ ਨੂੰ ਸਾਈਂ ਜਾਂ ਪੀਰ ਕਹਿ ਕੇ ਸਤਿਕਾਰਦੇ ਹਨ।

ਅਸੀਂ ਰਿਸ਼ੀਆਂ, ਮੁਨੀਆਂ ਤੇ ਅਵਤਾਰਾਂ ਵੱਲ ਝਾਤੀ ਮਾਰੀਏ ਤਾਂ ਸਾਨੂੰ ਸਾਰੇ ਹੀ ਕੇਸਾ-ਧਾਰੀ ਦਿਖਾਈ ਦੇਂਦੇ ਹਨ, ਜਿਵੇਂ ਯਹੂਦੀ ਮੱਤ ਦੇ ਹਜ਼ਰਤ ਮੂਸਾ, ਈਸਾਈ ਮੱਤ ਦੇ ਬਾਨੀ ਹਜਰਤ ਈਸਾ ਕੇਸਾ-ਧਾਰੀ ਸਨ। ਇਸਲਾਮ ਦੇ ਮੋਢੀ ਹਜਰਤ ਮੁਹੰਮਦ ਸਾਹਿਬ ਜੀ ਦੇ ਵੀ ਕੇਸ ਸਨ। ਹਿੰਦੂ ਅਵਤਾਰਾਂ ਵਿਚੋਂ ਸ੍ਰੀ ਰਾਮ ਚੰਦਰ ਜੀ ਵੀ ਕੇਸਾ-ਧਾਰੀ ਸਨ। ਅਤੇ ਉਨ੍ਹਾਂ ਦੇ ਮਾਨਯੋਗ ਪਿਤਾ ਰਾਜਾ ਦਸ਼ਰਥ ਅਤੇ ਤਿੰਨੇ ਭਾਈ ਵੀ ਕੇਸਾ-ਧਾਰੀ ਸਨ। ਭਗਵਾਨ ਕ੍ਰਿਸ਼ਨ ਜੀ ਦੇ ਵੀ ਬੜੇ ਲੰਬੇ ਕੇਸ ਸਨ। ਕੇਸਾ-ਧਾਰੀ ਤਾਂ ਮੁਢ ਤੋਂ ਹੀ ਚਲੇ ਆਉਂਦੇ ਹਨ।

ਖਾਲਸਾ ਪੰਥ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕੇਸ ਕੱਟਣ ਦੀ ਕੁਰੀਤੀ ਨੂੰ ਰੋਕਿਆ ਹੈ। ਕੇਸਾਂ ਬਿਨਾ ਸਿਖ 'ਸਿੱਖ' ਅਖਵਾਉਣ ਦਾ ਹੱਕਦਾਰ ਨਹੀਂ। ਉਹ ਪਤਿਤ ਹੈ, ਉਹ ਸਿਖੀ ਤੋਂ ਖ਼ਾਰਜ ਹੈ।

ਕੇਸਾਂ ਦਾ ਸੰਬੰਧ ਨਿਆਰੇ ਸਿਖੀ ਸਰੂਪ ਨਾਲ ਹੈ। ਕੇਸ ਸਿੱਖ ਦੀ ਪਹਿਲੀ ਪਛਾਣ ਹਨ। ਕੇਸ ਸਿੱਖ ਦੀ ਆਨ ਤੇ ਸ਼ਾਨ ਹਨ। ਕੇਸ ਸਿੱਖੀ ਦਾ ਸ਼ਿੰਗਾਰ ਹਨ। ਜੇ ਸਿਖ ਕੇਸ ਕਤਲ ਕਰ ਦਿੰਦਾ ਹੈ, ਉਸ ਦਾ ਨਿਆਰਾਪਨ ਤੇ ਅਡਰੀ ਪਛਾਣ ਖ਼ਤਮ ਹੋ ਜਾਂਦੀ ਹੈ। ਗੁਰੂ ਸਾਹਿਬ ਦਾ ਹੁਕਮ ਹੈ ਕਿ ਸਿਖ ਨੇ ਨਿਆਰੇ ਸਰੂਪ ਨੂੰ ਹਰ ਕੀਮਤ ਤੇ ਕਾਇਮ ਰੱਖਣਾ ਹੈ।

ਨਾਸਤਕ ਲੋਕ ਕਈ ਵਾਰੀ ਇਹ ਸਵਾਲ ਕਰਦੇ ਹਨ ਕਿ ਜੇਕਰ ਸਿੱਖਾਂ ਲਈ ਕੇਸ ਕੱਟਣੇ ਮਨ੍ਹਾ ਹਨ ਤਾਂ ਫਿਰ ਨਹੁੰ ਕਿਉਂ ਕੱਟਦੇ ਹਨ ? ਇਹ ਬੜੀ ਹਾਸੋ-ਹੀਣੀ ਜਿਹੀ ਢੁੱਚਰ ਹੈ।



www.AKJ.Org

# ਵਿਚਿ ਦੁਨੀਆ ਸੇਵ ਕਮਾਈਐ

## [ਸਿਖ ਮਾਨਸਿਕਤਾ ਲੇਖ-ਲੜੀ ਨੰਬਰ ੧੦]

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਸਤਿਗੁਰੂ ਨਾਨਕ ਦੇਵ ਜੀ ਨੇ ਸਿਖ ਪੰਥ ਨੂੰ ਜਿਥੇ ਇਕ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਿਆ, ਉਥੇ ਸਿਖਾਂ ਅੰਦਰ ਨਿਮਰਤਾ ਭਾਵ ਉਜਾਗਰ ਕਰਨ ਅਤੇ ਹਉਮੈ ਨੂੰ ਮਾਰਨ ਲਈ ਪ੍ਰਾਣੀ ਮਾਤਰ ਦੀ ਸੇਵਾ ਕਰਨ ਦਾ ਹੁਕਮ ਦਿਤਾ। ਅੰਤਰ-ਆਤਮੇ ਸ਼ਬਦ ਰਾਹੀਂ ਨਿਰਾਕਾਰ ਨਾਲ ਜੁੜਨਾ ਅਤੇ ਬਾਹਰ 'ਸਰਬ ਮਹਿ ਪੇਖੈ ਭਗਵਾਨ' ਨੂੰ ਅਮਲੀ ਜਾਮਾ ਪਹਿਨਾਉਣ ਲਈ ਸਤਿਗੁਰੂ ਜੀ ਨੇ ਖਾਲਸੇ ਨੂੰ ਆਪ ਪੂਰਨੇ ਪਾ ਕੇ 'ਸੇਵਾ' ਕਰਨ ਦੀ ਜਾਚ ਬਖਸ਼ੀ। ਸਮੁਚੇ ਸਿਖ ਸਿਧਾਂਤ ਦੇ ਦੋ ਚਾਨਣ-ਮੁਨਾਰੇ ਹਨ : ਸੇਵਾ ਅਤੇ ਸਿਮਰਨ। ਸਿਖ ਮਾਨਸਿਕਤਾ ਦੀ ਚਲ ਰਹੀ ਲੜੀ ਦਾ ਇਹ ਦਸਵਾਂ ਲੇਖ ਹੈ। —ਸੰਪਾਦਕ

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਵਿਸ਼ਵ-ਫੇਰੀਆਂ ਦੌਰਾਨ ਅਨੇਕਾਂ ਧਰਮਾਂ ਦੇ ਉਚ ਕੋਟੀ ਦੇ ਮਹਾਂਪੁਰਸ਼ਾਂ ਦੇ ਨਾ-ਕੇਵਲ ਦਰਸ਼ਨ ਮੇਲੇ ਕੀਤੇ, ਸਗੋਂ ਉਹਨਾਂ ਕੋਲ ਬੈਠ ਕੇ ਉਹਨਾਂ ਦੇ ਵਿਚਾਰ ਸੁਣੇ, ਪਰਖੇ ਤੇ ਕੁਝ ਆਪਣੇ ਵਿਚਾਰ ਉਹਨਾਂ ਨੂੰ ਦਿਤੇ। ਆਪ ਨੇ ਭਲੀ ਪ੍ਰਕਾਰ ਭਾਂਪ ਲਿਆ ਸੀ ਕਿ ਇਹ ਸਾਰੇ ਮਹਾਂਪੁਰਸ਼ ਧਰਮੀ ਹਨ, ਸਦਾਚਾਰੀ ਭੀ ਹਨ, ਸ਼ਰਈ ਭੀ ਹਨ, ਪਰ ਅੰਦਰੋਂ ਅਜੇ ਹਉਮੈ ਦਾ ਕੰਡਾ ਨਹੀਂ ਕਢ ਸਕੇ। ਮੁਸਲਮਾਨ ਪੀਰ ਵੇਲੇ ਦੀ ਇਸਲਾਮੀ ਹਕੂਮਤ ਦੇ ਨਸ਼ੇ ਵਿਚ ਰਹਿੰਦੇ ਹਨ। ਉਹ ਆਪਣੀ ਸੇਵਾ ਤਾਂ ਧੱਕੇ ਨਾਲ ਭੀ ਕਰਵਾ ਲੈਂਦੇ ਹਨ, ਪਰ ਆਮ ਮੁਸਲਿਮ ਜਨਤਾ ਵਿਚ ਹਥੀਂ ਸੇਵਾ ਕਰਨ ਦਾ ਉਪਦੇਸ਼ ਨਹੀਂ ਹੈ। ਜ਼ਕਾਤ ਧਨ ਦੀ ਸੇਵਾ ਤਾਂ ਹੈ, ਪਰ ਤਨ ਤੇ ਮਨ ਦੀ ਸੇਵਾ ਦੀ ਮਹੱਤਤਾ ਦਾ ਉਹਨਾਂ ਨੂੰ ਅਜੇ ਕੋਈ ਇਲਮ ਨਹੀਂ। ਫਿਰ ਸਰਬੱਤ ਦੀ ਸੇਵਾ ਕਰਨਾ ਅਤੇ ਸਰਬੱਤ ਦਾ ਭਲਾ ਮੰਗਣਾ ਤਾਂ ਅਜੇ ਬਹੁਤ ਦੂਰ ਦੀ ਗੱਲ ਸੀ। ਉਹਨਾਂ ਲਈ ਤਾਂ ਸੰਸਾਰ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ—ਇਕ ਮੁਸਲਿਮ ਤੇ ਦੂਜੇ ਕਾਫ਼ਰ। ਕਾਫ਼ਰਾਂ ਨਾਲ ਹਰ ਤਰ੍ਹਾਂ ਦੀ ਬਦਸਲੂਕੀ ਕਰਨਾ ਉਹ ਆਪਣਾ ਧਰਮ ਸਮਝਦੇ ਸਨ। ਜਿਸ ਧਰਮ ਅੰਦਰ ਦੂਜੇ ਧਰਮਾਂ ਦੀ ਹੋਂਦ ਖ਼ਤਮ ਕਰਨ ਦੀ ਭਾਵਨਾ ਹੋਵੇ, ਉਸ ਧਰਮ ਅੰਦਰ ਸਰਬੱਤ ਦੀ ਸੇਵਾ ਕਰਨ ਦਾ ਸੰਕਲਪ ਕਦੀ ਆ ਹੀ ਨਹੀਂ ਸਕਦਾ

---

● ਜਿਥੋਂ ਤੱਕ ਨਹੁੰ ਕੱਟਣ ਦਾ ਸੰਬੰਧ ਹੈ, ਸਭ ਨੂੰ ਪਤਾ ਹੈ ਕਿ ਨਹੁੰ ਦਾ ਜੋ ਮੁਰਦਾ ਭਾਗ ਅੱਗੇ ਵਧ ਜਾਂਦਾ ਹੈ, ਉਹ ਨਿਰਜਿੰਦ ਹੋ ਜਾਂਦਾ ਹੈ, ਉਹੀ ਕੱਟਿਆ ਜਾਂਦਾ ਹੈ। ਕੋਈ ਵੀ ਬੰਦਾ ਅਸਲੀ ਨਹੁੰ ਕੱਟਦਾ ਨਹੀਂ। ਕੇਵਲ ਨਹੁੰ ਦਾ ਮੁਰਦਾ ਤੇ ਬੇਲੋੜਵਾਂ ਭਾਗ ਹੀ ਕਟਿਆ ਜਾਂਦਾ ਹੈ। ਸਰੀਰਕ ਸਫਾਈ ਨੂੰ ਮੁਖ ਰੱਖ ਕੇ ਅਜਿਹਾ ਕੁਝ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਜੋ ਬੇਜਾਨ ਕੇਸ ਹੁੰਦੇ ਹਨ ਉਹ ਕੰਘਾ ਕਰਦੇ ਸਮੇਂ ਕੰਘੇ ਵਿਚ ਆ ਜਾਂਦੇ ਹਨ। ਅਤੇ ਸਾਨੂੰ ਕੋਈ ਤਕਲੀਫ ਨਹੀਂ ਹੁੰਦੀ। ਜੇਕਰ ਉਂਜ ਕਿਸੇ ਕੇਸ ਨੂੰ ਫੜ ਕੇ ਪੁਟੀਏ ਜਾਂ ਖਿਚੀਏ ਤਾਂ ਤਕਲੀਫ਼ ਹੁੰਦੀ ਹੈ। ਨਹੁੰ ਕੱਟਣਾ ਤੇ ਕੰਘਾ ਕਰਨਾ ਸਰੀਰਕ ਸਫਾਈ ਲਈ ਜ਼ਰੂਰੀ ਹੈ। ਪਰ ਕੇਸਾਂ ਦੀ ਰਹਿਤ ਰੱਖਣਾ ਅਡਰੀ ਪਛਾਣ ਤੇ ਅਡਰੇ ਸਰੂਪ ਨੂੰ ਜ਼ਾਹਰ ਕਰਦਾ ਹੈ! ਇਸ ਰਹਿਤ ਨੂੰ ਨਹੁੰ ਕੱਟਣ ਨਾਲ ਜੋੜਨਾ ਨਾਸਤਕਾਂ ਤੇ ਸ਼ਰਾਰਤੀ ਅਨਸਰਾਂ ਦਾ ਕੰਮ ਹੈ, ਜੋ ਕਿ ਸਿੱਖਾਂ ਦੇ ਬੱਚਿਆਂ ਨੂੰ ਗੁਮਰਾਹ ਕਰਦੇ ਹਨ। ਸਾਨੂੰ ਅਜਿਹੇ ਅਨਸਰਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ।

ਸਿੱਖਾਂ ਨੂੰ ਕੇਸ ਕਿਤਨੇ ਪਿਆਰੇ ਹਨ, ਇਸ ਲਈ ਸਿਰਫ਼ ਇਕੋ ਉਦਾਹਰਣ ਹੀ ਕਾਫ਼ੀ ਹੈ, ਭਾਈ ਤਾਰੂ ਸਿੰਘ ਜੀ ਨੇ ਖੋਪਰੀ ਲੁਹਾਉਣੀ ਤਾਂ ਪ੍ਰਵਾਨ ਕਰ ਲਈ, ਪਰ ਗੁਰੂ ਕੀ ਅਮਾਨਤ ਕੇਸਾਂ ਨੂੰ ਆਂਚ ਨਹੀਂ ਆਉਣ ਦਿਤੀ।



www.AKJ.Org

ਅਤੇ ਹੁਣ ਤਕ ਨਹੀਂ ਆ ਸਕਿਆ।

ਸ੍ਰੀ ਕ੍ਰਿਸ਼ਨ ਜੀ ਦੇ ਨਿਸ਼ਕਾਮ ਕਰਮ ਕਰਨ ਦੇ ਅਰਥ ਸੇਵਾ ਕਰਨਾ ਨਹੀਂ ਹਨ। ਹਰ ਵਿਅਕਤੀ ਆਪਣੇ ਕਾਰਜ-ਸਿਧੀ ਲਈ ਜਤਨ ਕਰਦਾ ਹੈ। ਕ੍ਰਿਸ਼ਨ ਜੀ ਤਾਂ ਕੇਵਲ ਇਹ ਉਪਦੇਸ਼ ਦਿੰਦੇ ਹਨ ਕਿ ਜਤਨ ਕਰਨਾ ਮਨੁਖ ਦਾ ਕੰਮ ਹੈ, ਪਰ ਉਸ ਜਤਨ ਨਾਲ ਕਾਮਯਾਬੀ ਮਿਲੇ ਜਾਂ ਨਾ ਮਿਲੇ, ਕਿਤਨੀ ਕਾਮਯਾਬੀ ਹੋਵੇ, ਇਸ ਬਾਰੇ ਮਨੁਖ ਨ ਸੋਚੇ, ਕਿਉਂਕਿ ਥੋੜੀ ਕਾਮਯਾਬੀ ਨਾਲ ਨਿਰਾਸ਼ਾ ਆਉਣੀ ਸੁਭਾਵਕ ਹੈ। ਨਿਰਾਸ਼ਾ ਤੋਂ ਬਚਾਉਣ ਲਈ ਕ੍ਰਿਸ਼ਨ ਜੀ ਦਾ ਇਹ ਨੁਸਖਾ ਬਹੁਤ ਹੀ ਵਧੀਆ ਹੈ। ਪਰ ਇਹ ਵਿਅਕਤੀ ਨੂੰ ਉਸ ਦੇ ਨਿੱਜ ਦੇ ਜਤਨਾਂ ਤੋਂ ਉਪਰ ਉਠਣ ਦੀ ਕੋਈ ਪ੍ਰੇਰਨਾ ਨਹੀਂ ਦਿੰਦਾ।

ਸਰਬੱਤ ਦੀ ਸੇਵਾ ਮਨੁਖ ਨੂੰ ਨਿੱਜ ਤੋਂ ਉਪਰ ਚੁਕਦੀ ਹੈ। ਸਿਖ ਨੂੰ ਸਤਿਗੁਰਾਂ ਨੇ ਨਿੱਜ ਤੋਂ ਉਪਰ ਉਠਣ ਲਈ ਪ੍ਰੇਰਿਆ ਹੈ। ਇਥੋਂ ਤਕ ਕਿ ਉਸ ਦੇ ਆਪਣੇ ਕੁਟੰਬ ਤੋਂ ਭੀ ਉਤੇ ਉਠਣ ਲਈ ਟੁੰਭਿਆ ਹੈ—

ਇਹ ਕੁਟੰਬੁ ਤੂ ਜਿ ਦੇਖਦਾ, ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ, ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥੧੧॥

[ਰਾਮਕਲੀ ਮ: ੩ ਅਨੰਦੁ

ਰਹਿਣਾ ਭਾਵੇਂ ਕੁਟੰਬ ਵਿਚ ਹੀ ਹੈ, ਪਰ ਇਸ ਦੀ ਸੇਵਾ ਵਿਚ ਹੀ ਆਪਣਾ ਜੀਵਨ ਬਰਬਾਦ ਨਹੀਂ ਕਰਨਾ। ਇਹ ਛੋਟਾ ਜਿਹਾ ਕੁਟੰਬ ਹੀ ਮਨੁਖ ਨੂੰ ਲੈ ਬਹਿੰਦਾ ਹੈ। ਇਸ ਕੁਟੰਬ ਨਾਲੋਂ ਭੀ ਇਕ ਬਹੁਤ ਵੱਡਾ ਕੁਟੰਬ ਹੈ, ਜੋ ਸਤਿਗੁਰੂ ਜੀ ਦਾ ਕੁਟੰਬ ਹੈ। ਸਿਖ ਪੰਥ ਹੈ। ਸਾਧ ਸੰਗਤ ਦੀ ਸੇਵਾ ਕਰਨਾ ਹਰ ਸਿਖ ਆਪਣਾ ਜਨਮ-ਅਧਿਕਾਰ ਅਤੇ ਜਨਮ-ਕਰਤਬ ਸਮਝਦਾ ਹੈ। ਸਿਖ ਪੰਥ ਦੇ ਇਤਿਹਾਸ ਵਿਚ ਇਹ ਗੱਲ ਹੋਰਨਾਂ ਧਰਮਾਂ ਦੇ ਮੰਨਣ ਵਾਲਿਆਂ ਨੇ ਬੜੇ ਫ਼ਖ਼ਰ ਨਾਲ ਕਹੀ ਹੈ ਕਿ ਸੇਵਾ ਦਾ ਜੋ ਜਜ਼ਬਾ ਤੇ ਉਤਸ਼ਾਹ ਸਿਖ ਪੰਥ ਵਿਚ ਪਾਇਆ ਜਾਂਦਾ ਹੈ ਉਹ ਕਿਤੇ ਹੋਰ ਨਹੀਂ। ਗੁਰਦੁਆਰਿਆਂ ਵਿਚ, ਸਿਖ ਸੰਗਤਾਂ ਦੇ ਜੋੜ-ਮੇਲਿਆਂ, ਗੁਰਪੁਰਬਾਂ ਦੇ ਮੌਕਿਆਂ ਤੇ ਹਰ ਉਮਰ ਦਾ ਸਿਖ ਹਥੀਂ ਜੋੜਿਆਂ ਦੀ, ਜੂਠੇ ਭਾਂਡੇ ਮਾਂਜਣ ਦੀ, ਤਪੜ ਝਾੜ ਵਿਛਾਉਣ ਦੀ, ਜਲ ਅਤੇ ਪੱਖੇ ਦੀ ਸੇਵਾ ਕਰਨ ਵਿਚ ਇਕ ਅਜੀਬ ਰਸ ਮਾਣਦਾ ਹੈ। ੧੯੭੩ ਅਤੇ ੧੯੮੪ ਦੀ ਸ੍ਰੀ ਅੰਮ੍ਰਿਤਸਰ ਦੇ ਸਰੋਵਰ ਦੀ ਕਾਰ-ਸੇਵਾ ਵਰਤਮਾਨ ਪੀੜ੍ਹੀ ਦੇ ਦਿਲੋ-ਦਿਮਾਗ਼ ਵਿਚ ਅਜੇ ਸਜਰੀ ਯਾਦ ਹੈ, ਕਿਵੇਂ ਲਖਾਂ ਸਿਖਾਂ ਨੇ ਸਰੋਵਰ ਦੀ ਸਫ਼ਾਈ ਦਾ ਮਹਾਨ ਕਾਰਜ ਕੁਝ ਦਿਨਾਂ ਵਿਚ ਹੀ ਮੁਕਾ ਦਿਤਾ ਸੀ। ਆਪਣੇ ਖ਼ਰਚ ਤੇ ਸੇਵਾ-ਅਸਥਾਨ ਤੇ ਪੁਜਣਾ, ਲੰਗਰ ਆਦਿ ਭੀ ਜਿਥੋਂ ਤਕ ਹੋ ਸਕਿਆ ਪਲਿਓਂ ਛਕ ਕੇ ਸੇਵਾ ਨਿਭਾਈ।

ਪਰ ਇਥੇ ਇਕ ਸਵਾਲ ਉਠਦਾ ਹੈ ਕਿ ਸਦੀਆਂ ਤੋਂ ਸਿੱਖ ਸੇਵਾ ਕਰਦਾ ਆ ਰਿਹਾ ਹੈ, ਬਿਨਾਂ ਕਿਸੇ ਲੋਭ ਲਾਲਚ ਦੇ, ਬਿਨਾਂ ਕਿਸੇ ਮਾਇਕ ਲਾਭ ਦੇ। ਆਖ਼ਰ ਇਹ ਸੇਵਾ ਸਿਖ ਕਿਉਂ ਕਰਦਾ ਹੈ? ਇਸਦੇ ਬਦਲੇ ਵਿਚ ਉਸਨੂੰ ਮਿਲਦਾ ਕੀ ਹੈ? ਇਹ ਪ੍ਰਸ਼ਨ ਪਦਾਰਥਵਾਦੀ ਲੋਗ ਕਰਦੇ ਹਨ, ਜਿਨ੍ਹਾਂ ਦਾ ਨਜ਼ਰੀਆ ਪਦਾਰਥ ਅਤੇ ਕੇਵਲ ਕੇਪੀਟਲ ਤੇ ਲੇਬਰ ਦੇ ਆਪਸੀ ਘੋਲ ਤੋਂ ਉਤੇ ਨਹੀਂ ਉਠ ਸਕਿਆ। ਸਿਖ ਦੀ ਤਨ ਮਨ ਧਨ ਨਾਲ ਗੁਰੂ ਦੀ ਅਤੇ ਗੁਰੂ ਪਿਆਰਿਆਂ ਦੀ ਕੀਤੀ ਸੇਵਾ ਦਾ ਰੂਪ ਭਾਵੇਂ ਸਰਗੁਣੀ ਹੈ, ਪਰ ਇਸ ਦੇ ਪਿਛੇ ਛੁਪੀ ਭਾਉ-ਭਗਤੀ ਦਾ ਰੂਪ ਨਿਰਗੁਣੀ ਹੈ। ਸਤਿਗੁਰੂ, ਸਿਖ ਦੀ ਸੇਵਾ ਪਿਛੇ ਲੁਕੀ ਭਾਉ-ਭਗਤੀ ਦਾ ਪਾਰਖੂ ਹੈ। ਕੋਈ ਗੁਪਤ ਸੇਵਾ ਪਸੰਦ ਕਰਦਾ ਹੈ, ਕੋਈ ਨੁਮਾਇਸ਼ੀ ਸੇਵਾ ਵਿਚ ਜ਼ਿਆਦਾ ਪਰਸੰਨ ਹੁੰਦਾ ਹੈ। ਸੇਵਾ ਇਕ ਕਿਸਮ ਦੀ ਪੂੰਜੀ ਹੈ, ਜੋ ਹਰ ਸਿਖ ਸਤਿਗੁਰੂ ਜੀ ਦੇ ਬੈਂਕ ਵਿਚ ਜਮ੍ਹਾ ਕਰਵਾਉਂਦਾ ਹੈ। ਤੇ ਇਸ ਦੇ ਬਦਲੇ ਹਰ ਸਿਖ ਨੂੰ ਅੰਤਰ-ਆਤਮੇ ਉਸ ਮਹਾਨ ਖਜ਼ਾਨੇ ਵਿਚੋਂ 'ਸਦਾ ਸੁਖ', ਸਦੀਵੀ ਖੇੜਾ ਮਿਲਦਾ ਹੈ, ਗੁਰੂ ਕੀਆਂ ਖੁਸ਼ੀਆਂ ਮਿਲਦੀਆਂ ਹਨ, ਗੁਰੂ ਦੀ ਮਿਹਰ-ਦ੍ਰਿਸ਼ਟੀ ਮਿਲਦੀ ਹੈ, ਜਿਸ ਨਾਲ ਨਦਰੀ ਨਦਰ ਨਿਹਾਲ ਹੋ ਜਾਈਦਾ ਹੈ। ਇਹ ਪਦਾਰਥਵਾਦ ਦੇ ਸਮਝਣ ਸਮਝਾਉਣ ਵਾਲੀ ਗੱਲ ਨਹੀਂ। ਇਹ ਤਾਂ ਉਹੀ ਸਮਝ ਸਕਦੇ ਹਨ, ਜਿਨ੍ਹਾਂ ਨੇ ਤਨ ਮਨ ਧਨ ਆਪਣੇ ਸਤਿਗੁਰੂ ਜੀ



www.AKJ.Org

ਅਗੇ ਅਰਪਣ ਕਰ ਦਿਤਾ ਹੁੰਦਾ ਹੈ ।

ਭਾਈ ਮੰਝ ਜੀ ਦੀ ਸੇਵਾ ਸਮੂਹ ਵਰਤਮਾਨ ਅਤੇ ਭਵਿਖਤ ਵਿਚ ਹੋਣ ਵਾਲੇ ਸੇਵਾਦਾਰਾਂ ਲਈ ਇਕ ਜੀਉਂਦੀ ਜਾਗਦੀ ਮਿਸਾਲ ਅਤੇ ਚਾਨਣ-ਮੁਨਾਰਾ ਹੈ । ਸੇਵਾਦਾਰ ਹੋਵੇ ਤਾਂ ਕਿਹੋ ਜਿਹਾ ਹੋਵੇ ? ਇਹ ਭਾਈ ਮੰਝ ਨੇ ਪੂਰਨੇ ਪਾ ਦਿਖਾਏ ।

ਹਸਤੀ ਸਿਰਿ ਜਿਉ ਅੰਕਸੁ ਹੈ, ਅਹਰਣਿ ਜਿਉ ਸਿਰੁ ਦੇਇ ॥
ਮਨ ਤਨ ਆਗੈ ਰਾਖਿ ਕੈ ਊਭੀ ਸੇਵ ਕਰੇਇ ॥
ਇਉ ਗੁਰਮੁਖਿ ਆਪੁ ਨਿਵਾਰੀਐ, ਸਭ ਰਾਜੁ ਸ੍ਰਿਸਟਿ ਕਾ ਲੇਇ ॥
[ਵਾਰ ਸੋਰਠਿ, ਸਲੋਕੁ ਮ: ੩, ਪੰਨਾ ੬੪੭-੪੮]

ਜਿਵੇਂ ਹਾਥੀ ਦੇ ਸਿਰ ਉਤੇ ਮਹਾਵਤ ਦਾ ਕੁੰਡਾ ਹੁੰਦਾ ਹੈ, ਜਿਵੇਂ ਲੁਹਾਰ ਦੇ ਹਥੌੜੇ ਦੀ ਸਟ ਥਲੇ ਅਹਰਣ ਆਪਣਾ ਸਿਰ ਦੇਈ ਰਖਦੀ ਹੈ, ਇਉਂ ਗੁਰੂ ਦੀ ਸ਼ਰਨ ਵਿਚ ਜਾ ਕੇ ਸਿਖ ਨੇ ਆਪਣੀ ਹਉਮੈ ਨੂੰ ਛਡ ਕੇ ਤਨ ਮਨ ਧਨ ਗੁਰੂ ਦੇ ਅਰਪਣ ਕਰ ਕੇ, ਪੂਰੇ ਉਤਸ਼ਾਹ ਤੇ ਖੇੜੇ ਵਿਚ ਸੇਵਾ ਕਰਨੀ ਹੈ, ਇਉਂ ਆਪਾ ਭਾਵ ਤਿਆਗ ਕੇ ਹੀ ਗੁਰੂ ਪਾਤਸ਼ਾਹ ਦੀ ਕਿਰਪਾ ਨਾਲ ਸਾਰੀ ਸ੍ਰਿਸ਼ਟੀ ਦਾ ਉਹ ਸੇਵਕ-ਰਾਜਾ ਬਣ ਸਕਦਾ ਹੈ ।

ਪਰ ਇਸਦੇ ਉਲਟ ਹਉਮੈ ਵਿਚ ਕੀਤੀ ਗਈ ਸੇਵਾ ਸਤਿਗੁਰੂ ਜੀ ਨੂੰ ਨਹੀਂ ਭਾਉਂਦੀ । ਯਥਾ ਗੁਰਵਾਕ ਹੈ:–

ਵਿਚਿ ਹਉਮੈ ਸੇਵਾ ਥਾਇ ਨ ਪਾਏ ॥ ਜਨਮਿ ਮਰੈ, ਫਿਰਿ ਆਵੈ ਜਾਏ ॥
ਸੋ ਤਪੁ ਪੂਰਾ, ਸਾਈ ਸੇਵਾ, ਜੋ ਹਰਿ ਮੇਰੇ ਮਨਿ ਭਾਣੀ ਹੇ ॥੧੦॥
(ਮਾਰੂ ਮ: ੪, ਪੰਨਾ ੧੦੭੦)

ਦਰ-ਅਸਲ ਸੇਵਾ ਦੀ ਉਤਮ ਪਰੰਪਰਾ ਸਤਿਗੁਰਾਂ ਨੇ ਚਲਾਈ ਇਸ ਲਈ ਸੀ ਕਿ ਇਸ ਰਾਹੀਂ ਹਉਮੈ ਦਾ ਬੀਜ ਨਾਸ ਕੀਤਾ ਜਾਏ । ਪਰ ਸੇਵਾ ਕਰ ਕੇ ਭੀ ਜੇ ਹਉਮੈ ਦੀ ਮਾਤਰਾ ਅਗੇ ਨਾਲੋਂ ਵਧ ਜਾਏ ਤਾਂ ਸਤਿਗੁਰੂ ਜੀ ਸਪਸ਼ਟ ਦਸ ਰਹੇ ਹਨ ਕਿ ਹਉਮੈ ਵਿਚ ਕੀਤੀ ਸੇਵਾ ਦੀ ਕੋਈ ਥਾਉਂ ਨਹੀਂ । ਉਹ ਸੇਵਾ ਪਰਵਾਨ ਹੀ ਨਹੀਂ ਹੁੰਦੀ । ਸੇਵਾ ਤਾਂ ਅਤਿ ਦਰਜੇ ਦੀ ਹਲੇਮੀ, ਮਨ ਦੀ ਗਰੀਬੀ ਨਾਲ ਹੋਣੀ ਚਾਹੀਦੀ ਹੈ । ਅੱਜ ਕਲ੍ਹ ਸਾਡੇ ਗੁਰਦੁਆਰਿਆਂ ਵਿਚ ਪਰਬੰਧਕ ਕਮੇਟੀਆਂ ਵਿਚ ਤਕਰਾਰ ਅਤੇ ਫਿੱਕੇ ਬੋਲ ਬੋਲਣ ਤੋਂ ਇਹ ਸੰਕੇਤ ਮਿਲਦਾ ਹੈ ਕਿ ਸਾਨੂੰ ਅਜੇ ਸੇਵਾ ਕਰਨ ਦੀ ਜਾਚ ਨਹੀਂ ਆਈ । ਅਸੀਂ ਹਉਮੈ ਵਿਚ ਸੇਵਾ ਕਰ ਰਹੇ ਹਾਂ ।

ਸਤਿਗੁਰ ਕੀ ਸੇਵਾ ਨਿਰਮਲੀ, ਨਿਰਮਲ ਜਨੁ ਹੋਇ, ਸੁ ਸੇਵਾ ਘਾਲੇ ॥੧॥੧੦॥
[ਸਲੋਕ ਮ: ੪, ਪੰਨਾ ੩੦੪]

ਪਰ– ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ ॥੨॥੯੬॥ [ਸਿਰੀ ਰਾਗ ਮ: ੫, ਪੰਨਾ ੫੧]

ਜਿਹੜਾ ਸਿਖ ਸੇਵਕ ਬਣ ਕੇ ਭੀ ਅਜੇ ਮਾਨ ਅਭਿਮਾਨ ਦੇ ਫੋਕੇ ਝਮੇਲਿਆਂ ਨੂੰ ਨਾਲ ਲਈ ਬੈਠਾ ਹੈ, ਉਹ ਸੇਵਕ ਕਦੇ ਭੀ ਦਰਗਾਹ ਵਿਚ ਪਰਵਾਣ ਨਹੀਂ ਹੋ ਸਕਦਾ–

ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ ॥ ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥
ਆਪੁ ਗਵਾਇ ਸੇਵਾ ਕਰੇ, ਤਾ ਕਿਛੁ ਪਾਏ ਮਾਨੁ ॥
ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ॥੧॥੨੨॥ [ਆਸਾ ਕੀ ਵਾਰ, ਪੰਨਾ ੪੭੪]

ਜੇ ਚਾਕਰ (ਸੇਵਕ) ਅੰਦਰ ਅਜੇ ਗਾਰਬਵਾਦ [ਹਉਮੈ] ਕਾਇਮ ਹੈ ਤਾਂ ਉਹ ਸਹੀ ਤਰੀਕੇ ਨਾਲ ਸੇਵਾ ਨਹੀਂ ਕਰ ਸਕਦਾ । ਸੇਵਾਦਾਰ ਨੂੰ ਤਾਂ ਆਪਣਾ ਆਪਾ ਗਵਾ ਕੇ ਹੀ ਗੁਰੂ ਪਾਸੋਂ ਮਾਨ ਮਿਲ ਸਕਦਾ ਹੈ, ਨਹੀਂ ਤਾਂ ਨਹੀਂ । ਆਮ ਦੁਨੀਆਦਾਰ ਦੇ ਚਾਕਰ ਅਤੇ ਗੁਰੂ ਪਾਤਸ਼ਾਹ ਦੇ ਚਾਕਰੀ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ । ਦੁਨੀਆਦਾਰ ਦੇ ਚਾਕਰ ਦੀ ਬਿਰਤੀ ਸੰਸਾਰੀ ਪੱਧਰ ਤੇ ਰਹਿੰਦੀ ਹੈ । ਉਸਦੀ ਭੁਖ ਰੋਟੀ ਕਪੜਾ ਤੇ ਮਕਾਨ ਤਕ



www.AKJ.Org

ਸੀਮਤ ਹੁੰਦੀ ਹੈ। ਝੂਠੇ ਮਾਨ ਐਸ਼ਵਰਜ ਨਾਲ ਉਹ ਪਰਚ ਜਾਂਦਾ ਹੈ। ਪਰ ਗੁਰੂ ਦੇ ਸੇਵਕ ਦੀ ਕਥਾ ਹੀ ਨਿਰਾਲੀ ਹੈ। ਸੋ ਸੇਵਕੁ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥

ਮਨੁ ਤਨੁ ਸਉਪੇ ਆਗੈ ਧਰੇ, ਹਉਮੈ ਵਿਚਹੁ ਮਾਰਿ ॥

ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥੩॥ (ਪੰਨਾ ੨੮-੨੯)

ਧੰਨ ਹਨ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਰਾਮਦਾਸ ਜੀ, ਜਿਨ੍ਹਾਂ ਨੇ ਸਤਿਗੁਰਾਂ ਦੇ ਚਰਨਾਂ ਤੇ ਇਕ ਵਾਰੀ ਸੀਸ ਧਰ ਕੇ ਆਪਣਾ ਸਭ ਕੁਝ ਤਨ, ਮਨ, ਧਨ, ਭੇਟ ਕਰ ਦਿਤਾ। ਤੇ ਜੀਅ-ਜਾਨ ਨਾਲ ਸੇਵਾ ਕੀਤੀ। ਉਹਨਾਂ ਦੀ ਸੇਵਾ ਥਾਇ ਪਈ। ਇਹ ਸਿਖ ਲਈ ਸਫਲ ਪੂਰਨੇ ਹਨ।

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥

ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥

ਮਨੁ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥

ਸੇਵਾ ਕਰਤ ਹੋਇ ਨਿਹਕਾਮੀ ॥ ਤਿਸੁ ਕਉ ਹੋਤ ਪਰਾਪਤਿ ਸੁਆਮੀ ॥੧॥੧੮॥ (ਪੰਨਾ ੨੮੬)

ਸੇਵਕ ਨੇ ਹਰਿ ਤਰ੍ਹਾਂ, ਹਰ ਹਾਲਤ ਵਿਚ ਗੁਰੂ ਦੀ ਆਗਿਆ, ਗੁਰੂ ਦੇ ਹੁਕਮ ਨੂੰ ਸਿਰ ਮੱਥੇ ਮੰਨਣਾ ਹੈ। ਆਪਣਾ ਆਪ ਕਿਸੇ ਤਰ੍ਹਾਂ ਭੀ ਜਣਾਉਣਾ ਨਹੀਂ, ਨਾ ਲੋਕਾਂ ਨੂੰ, ਅਤੇ ਨਾ ਹੀ ਗੁਰੂ ਪਾਤਸ਼ਾਹ ਨੂੰ। ਭਾਵ, ਆਪਣੇ ਆਪੇ ਦਾ ਪੂਰਨ ਤਿਆਗ ਹੋਵੇ, ਮਨ ਨੂੰ ਗੁਰੂ ਪਾਸ ਵੇਚਣ ਦੇ ਅਰਥ ਇਹੋ ਹਨ ਕਿ ਮਨ ਉਸਦਾ ਆਪਣਾ ਨਹੀਂ ਰਿਹਾ।

ਕਬੀਰ ਜੀ ਨੇ ਇਸ ਰਮਜ਼ ਨੂੰ ਹੋਰਵੇਂ ਖੋਲ੍ਹਿਆ ਹੈ—

ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥੧੫॥

[ਗਉੜੀ ਕਬੀਰ ਜੀ, ਪੰਨਾ ੩੨੭)

ਰਾਮ ਸੋਨੇ ਨਾਲ ਤੋਲ ਕੇ ਨਹੀਂ ਲਈਦਾ, ਰਾਮ ਤਾਂ ਗੁਰੂ ਨੂੰ ਆਪਣਾ ਮਨ ਭੇਟ ਕਰ ਕੇ ਲਈਦਾ ਹੈ। ਤਨ ਮਨ ਧਨ ਅਰਪਣ ਕਰਨਾ ਹੀ ਵਾਹਿਗੁਰੂ ਜੀ ਦਾ ਮੁਲ ਹੈ।

ਸੇਵਕ ਨੇ ਜੇਕਰ ਗੁਰੂ ਪਾਤਸ਼ਾਹ ਨੂੰ ਰੀਝਾਉਣਾ ਹੈ ਤਾਂ ਉਸਨੂੰ ਗੁਰੂ ਦ੍ਰਿੜ੍ਹਾਈ ਮਰਯਾਦਾ ਵਿਚ ਰਹਿਣਾ ਹੋਏਗਾ। ਅੰਮ੍ਰਿਤਧਾਰੀ ਹੋਣਾ ਗੁਰਮਰਯਾਦਾ ਹੈ। ਅੰਮ੍ਰਿਤ ਛਕਣ ਤੋਂ ਸੰਕੋਚ ਕਰਨਾ ਇਹੋ ਦਸਦਾ ਹੈ ਕਿ ਸਿਖ ਅਜੇ ਤਨ, ਮਨ ਗੁਰੂ ਨੂੰ ਅਰਪਣ ਕਰਨ ਲਈ ਅੰਦਰੋਂ ਤਿਆਰ ਨਹੀਂ :—

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥

ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (੬੦੧–੦੨)

ਭਾਵ :—ਗੁਰੂ ਦੀ ਦਸੀ ਮਰਯਾਦਾ ਛੱਡ ਕੇ ਆਪਣੀ ਮਨਮਰਜ਼ੀ ਕਰਨਾ ਸੇਵਕ ਦੇ ਲਛਣ ਨਹੀਂ। ਉਹ ਗੁਰੂ ਤੋਂ ਵਿਛੜ ਜਾਂਦਾ ਹੈ।

ਕਈ ਲੋਗ ਇਹ ਕਹਿੰਦੇ ਹਨ ਕਿ ਸੇਵਾ ਕਰਨ ਲਈ ਕੀ ਅੰਮ੍ਰਿਤ-ਧਾਰੀ ਹੋਣਾ ਲਾਜ਼ਮੀ ਹੈ? ਉਤਰ ਤਾਂ ਗੁਰੂ ਪਾਤਸ਼ਾਹ ਨੇ ਉਪਰ ਹੀ ਬਖਸ਼ਸ਼ ਕਰ ਦਿਤਾ ਹੈ। ਸਿਆਣੇ ਲਈ ਇਸ਼ਾਰਾ ਹੀ ਕਾਫ਼ੀ ਹੈ। ਭਾਵ ਇਹ ਹੈ ਕਿ ਸਿੱਖ ਤਨੋਂ ਮਨੋਂ ਗੁਰੂ ਕਾ ਬਣ ਕੇ ਹੀ ਸਹੀ ਅਰਥਾਂ ਵਿਚ ਸੇਵਾਦਾਰ ਹੋ ਸਕਦਾ ਹੈ।

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥੧॥ਰਹਾਉ॥ [ਪੰਨਾ ੪੯੫]

ਜਦੋਂ ਸੇਵਕ ਆਪਣਾ ਤਨ, ਮਨ ਆਦਿ ਸਭ ਕੁਝ ਗੁਰੂ ਦਾ ਹੀ ਸਮਝਦਾ ਹੈ, ਓਦੋਂ ਉਸ ਨੂੰ ਗੁਰੂ ਦੇ ਹੁਕਮ ਮੰਨ ਕੇ ਸੇਵਾ ਕਰਨ ਤੋਂ ਬਿਨਾਂ ਹੋਰ ਕੁਝ ਫੁਰਦਾ ਹੀ ਨਹੀਂ—

ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥੪॥੨੨॥ (ਸੁਖਮਨੀ ਸਾਹਿਬ)



www.AKJ.Org

ਜਿਉਂ ਜਿਉਂ ਸੇਵਕ ਦਾ ਮਨ ਸੇਵਾ ਕਰ ਕਰ ਕੇ ਨਿਰਮਲ ਹੁੰਦਾ ਜਾਂਦਾ ਹੈ, ਤਿਉਂ ਤਿਉਂ ਉਹ ਆਪਣੇ ਅੰਤਰ-ਆਤਮੇ ਸਾਹਿਬ ਦੀ ਨੇੜਤਾ ਮਹਿਸੂਸ ਕਰਦਾ ਹੈ। ਸੇਵਾ ਕਰਦਾ ਹੈ ਪਰ ਨਿਸ਼ਕਾਮ ਹੋ ਕੇ, ਕਾਮਨਾ ਰਹਿਤ ਹੋ ਕੇ। ਇਉਂ ਸਾਹਿਬ ਦੇ ਹੁਕਮ ਕਮਾਉਂਦਾ ਹੋਇਆ ਉਹ ਪਰਮ ਪਦ ਨੂੰ ਪ੍ਰਾਪਤ ਹੁੰਦਾ ਹੈ।

ਭਾਈ ਗੁਰਦਾਸ ਜੀ ਨੇ ਸਿਖਾਂ ਵਿਚ ਸੇਵਾ ਦੇ ਉਤਸ਼ਾਹ ਨੂੰ ਆਪਣੀਆਂ ਵਾਰਾਂ ਵਿਚ ਇਉਂ ਅੰਕਤ ਕੀਤਾ ਹੈ—

ਉਤਮ ਮਧਮ ਨੀਚ ਲਖ, ਗੁਰਮੁਖਿ ਨੀਚਹੁ ਨੀਚ ਸਦਾਏ ॥
ਪੈਰੀਂ ਪੈ ਪਾਖਾਕ ਹੋਇ, ਗੁਰਮੁਖਿ ਗੁਰਸਿਖੁ ਆਪੁ ਗਵਾਏ ॥
ਸਾਧ ਸੰਗਤਿ ਭਉ ਭਾਉ ਕਰਿ ਸੇਵਕ ਸੇਵਾ ਕਾਰ ਕਮਾਏ ॥
ਮਿਠਾ ਬੋਲਣ ਨਿਵ ਚਲਣ ਹਥਹੁ ਦੇ ਕੈ ਭਲਾ ਮਨਾਏ ॥ [ਵਾਰ ੮–੨੪]

ਭਾਵ, ਗੁਰਸਿਖ ਨੇ ਉਤਮ, ਮਧਮ, ਨੀਚ ਸਭਨਾਂ ਦੀ ਸੇਵਾ ਕਰਦੇ ਹੋਇਆਂ ਨਿਮਰਤਾ ਵਿਚ ਵਿਚਰ ਕੇ ਆਪਣੇ ਆਪ ਨੂੰ ਸਭਨਾਂ ਤੋਂ ਨੀਚ ਜਾਣਨਾ ਹੈ। ਉਹਨਾਂ ਦੇ ਚਰਨਾਂ ਦੀ ਧੂੜੀ ਬਣ ਕੇ ਆਪਣਾ ਆਪ ਅਥਵਾ ਅਪਣੱਤ ਗੁਆ ਦੇਣੀ ਹੈ। ਇਸ ਤਰ੍ਹਾਂ ਵਿਚਰਦਿਆਂ ਗੁਰੂ ਸਾਧੂ ਦੀ ਸੰਗਤ ਵਿਚ ਪੂਰਨ ਭੈ-ਭਾਵਨੀ ਸਹਿਤ ਸੇਵਾ ਨਿਭਾਉਣੀ ਹੈ, ਸਭ ਨਾਲ ਮਿੱਠਾ ਬੋਲਣਾ ਹੈ ਅਤੇ ਮਨੁਖ ਮਾਤਰ ਦੀ ਸੇਵਾ ਕਰਦਿਆਂ, ਹਥੋਂ ਦੇ ਕੇ ਸਭਨਾਂ ਦਾ ਹੀ ਭਲਾ ਮਨਾਉਣਾ ਹੈ।

ਭਾਈ ਗੁਰਦਾਸ ਜੀ ਦਸਦੇ ਹਨ ਕਿ ਗੁਰਸਿਖਾਂ ਨੂੰ ਗੁਰੂ-ਸੰਗਤ ਵਿਚ ਸੇਵਾ ਦੀ ਜੋ ਦਾਤਿ ਪ੍ਰਾਪਤ ਹੋਈ ਹੈ, ਉਸ ਦੀ ਜਾਚ ਦਸ ਅਵਤਾਰ, ਗੀਤਾ, ਵੇਦ ਸ਼ਾਸਤਰ, ਸਿਧ ਨਾਥ ਆਦਿ ਵੀ ਨਹੀਂ ਸਿਖਾ ਸਕੇ। ਗੁਰਸਿਖੀ ਦੀ ਇਸ ਅਮੋਲਕ ਬਖ਼ਸ਼ਸ਼ ਦੀ ਗਹਿਣ-ਗਤਿ ਲਖਾਂ ਭਗਤ ਵੀ ਨਹੀਂ ਪਾ ਸਕਦੇ। ਪਰ ਗੁਰਸਿਖ ਇਹ ਕਾਰ ਕਮਾਂਵਦਿਆਂ ਨਾਮ-ਰੰਗਾਂ ਵਿਚ ਰੰਗੀਜੇ ਨਾਮ ਵਿਚ ਸਮਾ ਜਾਂਦੇ ਹਨ :—

ਗੁਰਸਿਖੀ ਦਾ ਸਿਖਣਾ, ਗੁਰਮੁਖਿ ਸਾਧ ਸੰਗਤਿ ਦੀ ਸੇਵਾ ॥
ਦਸ ਅਵਤਾਰ ਨ ਸਿਖਿਆ, ਗੀਤਾ ਗੋਸਟਿ ਅਲਖ ਅਭੇਵਾ ॥... ..
ਲਖ ਭਗਤਿ ਜਗਤ ਵਿਚਿ, ਲਿਖ ਨ ਗਏ ਗੁਰਸਿਖ ਟੇਵਾ ॥......
ਸਾਧਿ ਸੰਗਤਿ ਗੁਰ ਸਬਦ ਸਮੇਵਾ ॥ [ਵਾਰ ੨੮-੪]

ਸੇਵ-ਵਿਹੂਣੇ ਪ੍ਰਾਣੀਆਂ ਦੇ ਸਰੀਰਾਂ ਨੂੰ ਤੇ ਉਨ੍ਹਾਂ ਦੇ ਸਾਰੇ ਕਾਰਜਾਂ ਨੂੰ ਧ੍ਰਿਕਾਰਦੇ ਹੋਏ ਕਹਿੰਦੇ ਹਨ ਕਿ ਉਹ ਛੁਟੜ ਇਸਤ੍ਰੀਆਂ ਵਾਂਗ ਹਨ, ਜੋ ਪ੍ਰਭੂ-ਪਿਤਾ ਨੂੰ ਕਿਸੇ ਤਰ੍ਹਾਂ ਨਹੀਂ ਮਿਲ ਸਕਦੀਆਂ :—

ਵਿਣੁ ਸੇਵਾ ਧ੍ਰਿਗੁ ਹਥ ਪੈਰ, ਹੋਰ ਨਿਹਫਲ ਕਰਣੀ। [ਵਾਰ ੨੭-੧੦]
ਅਤੇ— ਵਿਣੁ ਸੇਵਾ ਦੁਹਾਗਣੀ ਪਿਰੁ ਮਿਲੈ ਨ ਹਾਸੈ ॥ [ਵਾਰ ੩੬-੧੨]

ਪਰ ਅਜਿਹੇ ਗੁਰਸਿਖਾਂ ਤੋਂ ਭਾਈ ਸਾਹਿਬ ਬਲਿਹਾਰੇ ਜਾਂਦੇ ਹਨ ਜਿਨ੍ਹਾਂ ਨੂੰ ਗੁਰੂ ਦਰਸਾਈ ਸੇਵਾ ਪਿਆਰੀ ਲਗਦੀ ਹੈ— ਬਲਿਹਾਰੀ ਤਿਨ੍ਹਾਂ ਗੁਰਸਿਖਾਂ, ਗੁਰ ਸੇਵਾ ਜਾਣਨਿ ਅਭਿਰਿਠਾ ॥ [੧੨–੧]

ਭਾਈ ਸਾਹਿਬ ਗੁਰਸਿਖਾਂ ਨੂੰ ਕਈ ਰੰਗਾਂ ਵਿਚ ਚਾਉ ਉਮਾਉ ਸਹਿਤ ਸੇਵਾ ਕਰਦਿਆਂ ਨੂੰ ਵੇਖਦੇ ਹਨ—

ਗੁਰਸਿਖਾਂ ਗੁਰਸਿਖ ਸੇਵਾ ਲਾਇਆ ॥ ਸਾਧ ਸੰਗਤ ਕਰਿ ਸੇਵ ਸੁਖ ਫਲ ਪਾਇਆ ॥
ਤਪੜ ਝਾੜ ਵਿਛਾਇ ਧੂੜੀ ਨਾਇਆ ॥ ਕੋਰੇ ਮਟ ਅਣਾਇ ਨੀਰ ਭਰਾਇਆ ॥ [ਵਾਰ ੨੦-੧੦]

ਇਉਂ ਸੇਵਾ ਸਿਖ ਨੂੰ ਗੁਰੂ ਕੀ ਸਚੀ ਕਾਰੇ ਲਾਈ ਰਖਦੀ ਹੈ। ਹਿੰਦੂ ਧਰਮ, ਬੋਧੀਆਂ ਤੇ ਜੈਨੀਆਂ ਪਾਸ, ਕਹਿਣ ਮਾਤਰ ਸਿਮਰਨ ਤੇ ਸੰਨਿਆਸ ਹੈ, ਜਿਸਦਾ ਧਾਰਨੀ ਮਨੁਖੀ ਸਮਾਜ ਤੋਂ ਦੂਰ ਚਲਾ ਜਾਂਦਾ ਹੈ। ਉਸ ਅੰਦਰ ਕਦੀ ਭੀ ਸੇਵਾ ਦੀ ਉਤਮ ਭਾਵਨਾ ਨਹੀਂ ਉਠ ਸਕਦੀ, ਕਿਉਂਕਿ ਉਸਨੂੰ ਮੁਢ ਤੋਂ ਨਿੱਜ ਦੀ ਸੇਵਾ ਨਾਲ ਜੋੜਿਆ ਗਿਆ ਸੀ। ਧੰਨ ਹਨ ਸਤਿਗੁਰੂ, ਜਿਨ੍ਹਾਂ ਨੇ ਸਿਖ ਨੂੰ ਮੁੱਢ ਤੋਂ ਹੀ ਸੇਵਾ ਦੀ ਟ੍ਰੇਨਿੰਗ ਦਿੱਤੀ। ਕਿਵੇਂ ਛੋਟੇ ਬੱਚੇ ਤੋਂ



www.AKJ.Org

ਬਿਰਧ ਤਕ, ਸਭ ਮਾਈ ਭਾਈ ਸੇਵਾ ਵਿਚ ਆਪਣੇ ਹੱਥ ਪੈਰ ਸਫਲ ਕਰਦੇ ਹਨ। ਉਹ ਸੰਨਿਆਸੀ ਨਹੀਂ ਹੋ ਨਿਬੜਦੇ, ਉਹ ਸਮਾਜ ਦੇ ਸੱਚੇ ਸੁਚੇ ਸੇਵਕ ਹੋ ਨਿਬੜਦੇ ਹਨ। ਭਾਈ ਕਨ੍ਹਈਆ ਜੀ ਦੀ ਮੈਦਾਨੇ-ਜੰਗ ਵਿਚ ਪਾਣੀ ਪਿਲਾਉਣ ਦੀ ਸੇਵਾ ਇਕ ਅਲੌਕਿਕ ਸੇਵਾ ਹੈ। ਉਹਨਾਂ ਨੂੰ ਵੈਰੀ ਮਿਤਰ ਸਭ ਇਕ-ਸਮਾਨ ਦਿਸਦੇ ਹਨ। ਦਸਵੇਂ ਪਾਤਸ਼ਾਹ ਨੂੰ ਸ਼ਿਕਾਇਤ ਕੀਤੀ ਗਈ ਕਿ ਭਾਈ ਕਨ੍ਹਈਆ ਜੀ ਵੈਰੀਆਂ ਨੂੰ ਭੀ ਪਾਣੀ ਪਿਆਲ ਕੇ ਮੁੜ ਸਾਵਧਾਨ ਕਰ ਦਿੰਦੇ ਹਨ। ਪਰ ਦਸਮੇਸ਼ ਜੀ ਭਾਈ ਸਾਹਿਬ ਦੀ ਬ੍ਰਹਮ ਗਿਆਨ ਦੀ ਅਵਸਥਾ ਨੂੰ ਪਛਾਣਦੇ ਸਨ। ਉਹਨਾਂ ਨੇ ਸਰਬੱਤ ਨੂੰ ਪਾਣੀ ਪਿਲਾਉਣ ਦੀ ਕੇਵਲ ਪ੍ਰਸੰਨਤਾ ਹੀ ਨਾ ਪਰਗਟ ਕੀਤੀ, ਬਲਕਿ ਜ਼ਖ਼ਮੀਆਂ ਦੀ ਮਲ੍ਹਮ ਪੱਟੀ ਕਰਨ ਲਈ ਮਲ੍ਹਮ ਆਪਣੇ ਕੋਲੋਂ ਦਿਤੀ।

ਮਨੁਖ ਮਾਤਰ ਦੇ ਭਲੇ ਨੂੰ ਮੁਖ ਰਖ, ਸੇਵਾ ਦੀ ਇਕ ਅਖੀਂ ਡਿਠੀ ਉਦਾਹਰਣ ਕਨਿੰਘਮ ਸਾਹਿਬ ਆਪਣੀ ਅੰਗਰੇਜ਼ੀ ਪੁਸਤਕ "ਸਿਖ ਇਤਿਹਾਸ" ਵਿਚ ਲਿਖਦੇ ਹਨ ਕਿ ਉਨਾ ਜ਼ਿਲਾ ਹੁਸ਼ਿਆਰਪੁਰ ਦੇ ਇਕ ਕੱਚੇ ਪਹੇ ਤੇ ਇਕ ਨਿਹੰਗ ਸਿੰਘ ਨੂੰ ਉਨ੍ਹਾਂ ਮਿੱਟੀ ਪਾਉਂਦਿਆਂ ਪੁਛਿਆ ਕਿ ਆਪ ਬਿਨਾਂ ਕਿਸੇ ਉਜਰਤ ਦੇ ਇਹ ਕਰੜੀ ਮਿਹਨਤ ਕਾਹਦੇ ਲਈ ਕਰ ਰਹੇ ਹੋ ? ਤਾਂ ਨਿਹੰਗ ਸਿੰਘ ਜੀ ਨੇ ਕਿਹਾ, ਜੀ ਮੈਂ ਇਸ ਕੱਚੇ ਪਹੇ ਦੇ ਟੋਏ ਟਿਭੇ ਪਧਰੇ ਕਰ ਰਿਹਾ ਹਾਂ, ਤਾਂ ਜੁ ਆਏ ਗਏ ਰਾਹੀਆਂ ਨੂੰ ਤਕਲੀਫ ਨਾ ਹੋਵੇ। ਮੈਂ ਇਹ ਤੁਛ ਸੇਵਾ ਉਸ ਖ਼ਾਲਕ ਦੀ ਖ਼ਲਕਤ ਲਈ ਕਰ ਰਿਹਾ ਹਾਂ ਜੋ ਸਰਬੱਤ ਮਨੁੱਖ ਮਾਤਰ ਦੇ ਅੰਦਰ ਵਸ ਰਸ ਰਿਹਾ ਹੈ। ਗੁਰਵਾਕ ਹੈ—

ਫਰੀਦਾ ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ ॥੭੫॥ (੧੩੮੫)

ਸਿਖ ਨੂੰ ਸਤਿਗੁਰਾਂ ਨੇ ਸਰਬੱਤ ਦਾ ਭਲਾ ਮੰਗਣ ਦੇ ਨਾਲ ਨਾਲ ਸਰਬੱਤ ਮਨੁਖ ਜ਼ਾਤੀ ਦੀ ਸੇਵਾ ਕਰਨ ਦਾ ਉਪਦੇਸ਼ ਦਿਤਾ। ਸਿਖ ਮਾਨਸਿਕਤਾ ਵਿਚ ਇਸ ਲਈ ਸੇਵਾ ਨੂੰ ਬਹੁਤ ਹੀ ਮਹੱਤਵ ਪੂਰਨ ਅਸਥਾਨ ਪ੍ਰਾਪਤ ਹੈ।

## ਸਤਿਗੁਰ ਤੇ ਜੋ ਮੁਹ ਫੇਰੇ ਤੇ ਵੇਮੁਖ ਬੁਰੇ ਦਿਸੰਨਿ ॥

[ਗਉੜੀ ਬੈਰਾਗਣਿ ਮ: ੩, ਪੰਨਾ ੨੩੩

ਕੁਝ ਤਿਆਰ-ਬਰ-ਤਿਆਰ ਭੁਜੰਗੀ, ਪੂਰਨ ਗੁਰ ਮਰਯਾਦਾ ਅਨੁਸਾਰ, ਤਿਆਰ-ਬਰ-ਤਿਆਰ ਬੀਬੀਆਂ ਨਾਲ, ਗੁਰੂ ਸਾਹਿਬ ਦੀ ਜ਼ਾਮਨੀ ਵਿਚ ਆਪਣਾ ਅਨੰਦ ਕਾਰਜ ਕਰਵਾ ਲੈਂਦੇ ਹਨ ਅਤੇ ਫਿਰ ਇਨ੍ਹਾਂ ਬੀਬੀਆਂ ਨੂੰ ਪਿੱਠ ਦੇ ਜਾਂਦੇ ਹਨ। ਅਤੇ ਫਿਰ ਇਨ੍ਹਾਂ ਨੂੰ ਸਹੁਰੇ ਘਰੋਂ ਕਢ ਦੇਂਦੇ ਹਨ। ਉਨ੍ਹਾਂ ਦਾ ਅਜਿਹਾ ਕਰਮ ਗੁਰਮਤਿ ਤੋਂ ਵਿਰੁਧ ਹੈ। ਇਸ ਨਾਲ ਜ਼ਾਮਨ ਗੁਰੂ, ਅਰਦਾਸ ਅਤੇ ਹਾਜ਼ਰ ਸੰਗਤ ਦਾ ਤ੍ਰਿਸਕਾਰ ਹੈ।

"ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥" (੧੦੯੯)

ਅਤੇ—"ਨਾਨਕ ਕਚੜਿਆ ਸਿਉ ਤੋੜਿ... .....॥" (੧੧੦੨)

ਸੰਗਤ ਵਲੋਂ ਬੇਮੁਖ ਅਜਿਹੇ ਪਰਵਾਰਾਂ ਨਾਲ ਗੁਰਸਿਖਾਂ ਦਾ ਮੇਲ-ਜੋਲ ਅਤੇ ਵਰਤੋਂ-ਵਿਹਾਰ ਉਤਨੀ ਦੇਰ ਤਕ ਬਿਲਕੁਲ ਹੀ ਨਹੀਂ ਬਣਦੇ ਜਦ ਤਕ ਉਹ ਆਪਣੀ ਭੁੱਲ ਦਾ ਅਹਿਸਾਸ ਕਰ ਕੇ ਰਾਹਿ-ਰਾਸਤ ਤੇ ਨਹੀਂ ਆ ਜਾਂਦੇ। ਲੋਕਲ ਸੰਗਤਾਂ ਅਜਿਹੇ ਪਰਵਾਰਾਂ ਤੋਂ ਜਾਣੂ ਹਨ।

ਸੰਗਤਾਂ ਦਾ ਸੇਵਕ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

## ਸ੍ਰੀ ਗੁਰੂ ਗ੍ਰੰਥ ਸਾਹਿਬ ਲੜੀਦਾਰ ਸਰੂਪ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪ ਗਏ ਹਨ। ਜੋ ਵੀਰ ਭੈਣਾਂ ਲੜੀਦਾਰ ਸਰੂਪ ਪ੍ਰਾਪਤ ਕਰਨਾ ਚਾਹੁਣ, ਉਹ ਕਮੇਟੀ ਪਾਸੋਂ ਆ ਕੇ ਪ੍ਰਾਪਤ ਕਰ ਸਕਦੇ ਹਨ।



www.AKJ.Org

# ਖਾਲਸਾ ਜੀ ਦੀ ਸਿਰਜਣਾ ਦਾ ਉਦੇਸ਼

੧੬੯੯ ਈ: ਦੀ ਵਿਸਾਖੀ ਵਾਲੇ ਦਿਨ ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਦਸਮੇਸ਼ ਪਾਤਸ਼ਾਹ ਜੀ ਦੇ, ਖਾਲਸਾ ਜੀ ਦੀ ਸਿਰਜਣਾ ਵਾਲੇ ਕੌਤਕ ਦੇ ਉਦੇਸ਼ ਨੂੰ ਸਾਡੇ ਲਿਖਾਰੀ ਤੇ ਇਤਿਹਾਸਕਾਰ, ਆਮ ਲੁਕਾਈ ਦੇ ਸਾਹਮਣੇ ਠੀਕ ਢੰਗ ਨਾਲ ਪੇਸ਼ ਨਹੀਂ ਕਰ ਰਹੇ।

ਸਿਖ ਸੰਗਤਾਂ ਨਾਲ ਖਚਾ ਖਚ ਭਰੇ ਦੀਵਾਨ ਵਿਚੋਂ, ਦਸਮੇਸ਼ ਜੀ ਦਾ ਬੀਰ-ਰਸੀ ਤੇ ਭੈ-ਭੀਤ ਲਹਿਜੇ ਵਿਚ ਵਾਰੀ ਵਾਰੀ ਪੰਜਾਂ ਸਿੰਘਾਂ ਦੇ ਸੀਸਾਂ ਦੀ ਮੰਗ ਕਰਨਾ ਅਤੇ ਫਿਰ ਵਾਰੀ ਵਾਰੀ ਪੰਜਾਂ ਨੂੰ ਹੀ ਬਾਹੋਂ ਫੜ ਕੇ ਤੇ ਖਿਚ ਕੇ ਤੰਬੂ ਅੰਦਰ ਲਿਜਾਣਾ ਤੇ ਸ੍ਰੀ ਸਾਹਿਬ ਦੇ ਵਾਰ ਦੀ ਅਵਾਜ਼ ਆਉਣੀ ਅਤੇ ਫਿਰ ਲਹੂ ਦੀ ਧਾਰਾ ਤੰਬੂ ਤੋਂ ਬਾਹਰ ਵਗ ਤੁਰਨੀ ਇਕ ਡਾਢਾ ਰੋਚਕ ਨਜ਼ਾਰਾ ਸੀ। ਕੀ ਇਹ ਕੋਈ ਸਧਾਰਨ ਜਹੀ ਗੱਲ ਸੀ ? ਕੀ ਇਸ ਤਰ੍ਹਾਂ ਦੇ ਅਚਰਜ ਕਲਾ-ਕ੍ਰਿਸ਼ਮੀ-ਕੌਤਕ ਦਾ ਮੰਤਵ ਕੇਵਲ ਬੀਰਤਾ ਪੈਦਾ ਕਰਨਾ ਸੀ ?

ਨਹੀਂ ਨਹੀਂ, ਇਹੋ ਹੀ ਨਹੀਂ, ਸਗੋਂ ਇਸ ਕਲਾ-ਕ੍ਰਿਸ਼ਮੀ ਕੌਤਕ ਦਾ ਮੁਖ ਮੰਤਵ "ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ" ਗੁਰਵਾਕ ਅਨੁਸਾਰ ਜੀਅ-ਦਾਨ ਦੀ ਗੁੜ੍ਹਤੀ ਦੇਣ ਵਾਲੇ ਮਿਸ਼ਨ ਦਾ ਸਦੀਵ ਕਾਲ ਲਈ ਧੁਰਵਾ ਬੰਨ੍ਹਣ ਲਈ, ਦਸਮੇਸ਼ ਜੀ ਨੇ ਇਸ ਤਰ੍ਹਾਂ ਖਾਲਸੇ ਦੀ ਅਨੋਖੀ ਪਰਖ ਕਰ ਕੇ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ" (੯੧੮) ਦੇ ਹੁਕਮ ਅਨੁਸਾਰ ਖਾਲਸੇ ਨੂੰ ਸਭ ਕੁਝ ਗੁਰੂ-ਅਰਪਣ ਕਰ ਕੇ ਪੂਰਨ ਮਨੁਖ ਬਨਾਉਣਾ ਸੀ ਅਤੇ "ਵਾਹ ਵ ਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦਾ ਸਾਂਗ ਵਰਤਾਉਣਾ ਸੀ। ਇਹ ਕੌਤਕ ਰਚਾ ਕੇ ਉਹ ਆਪੇ ਖਾਲਸੇ ਦੇ ਗੁਰੂ ਬਣੇ ਤੇ ਫਿਰ ਆਪੇ ਖਾਲਸੇ ਦਾ ਚੇਲਾ ਬਣ ਕੇ ਗੁਰੂ-ਕਲਾ ਵਰਤਾਉਣ ਲਈ ਪੂਰਨ ਸ਼ਕਤੀ ਖਾਲਸਾ ਜੀ ਨੂੰ ਸੌਂਪ ਦਿਤੀ। ਆਪਣਾ ਜਾਮਾ ਸਮੇਟਣ ਤੋਂ ਪਹਿਲਾਂ ਆਪਣੀ ਪੂਰਨ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਕਰ ਕੇ, ਖਾਲਸਾ ਜੀ ਨੂੰ ਇਸ ਜੋਤਿ ਦੇ ਤਾਬੇ ਰਹਿ ਕੇ ਜੁਗਤਿ ਵਰਤਾਉਣ ਦੇ ਪੂਰਨ ਅਧਿਕਾਰ ਬਖਸ਼ ਦਿਤੇ। ਸੋ ਹੁਣ ਜੁਗਾਂ ਪ੍ਰਯੰਤ, ਜਦ ਤਕ ਇਹ ਸ੍ਰਿਸ਼ਟੀ ਕਾਇਮ ਹੈ, ਦਸਮੇਸ਼ ਜੀ ਦੇ ਇਸ ਮਿਸ਼ਨ ਨੂੰ ਖਾਲਸਾ ਪਰਚਾਰਦਾ ਰਹੇਗਾ।

ਵਾਹਿਗੁਰੂ ਨਿਰੰਕਾਰ ਅਤੇ ਗੁਰੂ ਨਾਨਕ ਸਾਹਿਬ ਨੂੰ ਇਹੋ ਭਾਉਂਦਾ ਹੈ ਕਿ ਸਮੂਹ ਸ੍ਰਿਸ਼ਟੀ ਦੇ ਜੀਵ ਨਾਮ ਜਪ ਜਪ ਕੇ ਜਨਮ ਮਰਨ ਤੋਂ ਛੁਟਕਾਰਾ ਪਾਉਣ ਅਤੇ ਵਾਹਿਗੁਰੂ ਜੀ ਨਾਲ ਇਕ-ਮਿਕ ਹੋ ਜਾਣ। ਇਸੇ ਮਿਸ਼ਨ ਨੂੰ ਪਰਚਾਰਨ ਲਈ ਗੁਰੂ ਨਾਨਕ ਸਾਹਿਬ ਇਸ ਸੰਸਾਰ ਵਿਚ ਅਵਤਰੇ ਅਤੇ ਸੰਸਾਰੀ ਜੀਵਾਂ ਦੇ ਸਾਹਮਣੇ ਦਸ ਜਾਮੇ ਆਪ ਖ਼ੁਦ ਅਜਿਹੀ ਜੀਵਨੀ ਜੀਉ ਕੇ, ਸੁਖੈਨ ਹੀ ਮੋਖ ਪਦਵੀ ਪ੍ਰਾਪਤ ਕਰਨ ਦੀ ਮਿਸਾਲ ਕਾਇਮ ਕਰ ਦਿਤੀ।

ਆਖ਼ਰ ਦਸਾਂ ਜਾਮਿਆਂ ਤੋਂ ਬਾਅਦ ਦੇਹਧਾਰੀ-ਗੁਰਿਆਈ-ਸਿਲਸਿਲਾ ਬੰਦ ਕਰਨਾ ਹੀ ਗੁਰੂ ਜੀ ਨੂੰ ਭਾਉਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਵਿਚ ਧੁਰ ਕੀ ਬਾਣੀ ਦਾ ਇਲਾਹੀ ਨਾਦ ਸੰਪੂਰਨ ਰੂਪ ਵਿਚ ਪ੍ਰਕਾਸ਼ਮਾਨ ਹੋ ਚੁਕਾ ਸੀ ਅਤੇ ਉਸ ਨਾਦ ਦੀ ਧੁਨ ਨੂੰ ਅਭਿਲਾਖੀਆਂ ਅੰਦਰ ਸਿੰਚਰਨ ਦੀ ਜੁਗਤ ਵਰਤਾਉਣ ਦੀ ਬਿਧੀ ਦੀ ਸੌਂਪਣਾ ੧੬੯੯ ਦੀ ਵਿਸਾਖੀ ਨੂੰ ਖਾਲਸਾ ਜੀ ਨੂੰ ਸੌਂਪ ਕੇ ਆਪਣੇ ਮਹਾਨ ਕਾਰਜ ਨੂੰ ਸਿਰੇ ਚੜ੍ਹਾ ਦਿਤਾ।

---

**ਲੇਖਾਂ ਦੀ ਚੋਰੀ**—ਸਾਨੂੰ ਅਫ਼ਸੋਸ ਹੈ ਕਿ ਜਨਵਰੀ ੧੯੮੬ ਦੇ 'ਸੂਰਾ' ਵਿਚ "ਮਹਾਂਬਲੀ ਗੁਰੂ ਗੋਬਿੰਦ ਸਿੰਘ ਜੀ" ਲੇਖ ਗਿ: ਗੁਰਦੇਵ ਸਿੰਘ ਜੀ ਲਲਤੋਂ (ਲੁਧਿਆਣਾ) ਦੇ ਨਾਂ ਹੇਠ ਭੇਜਿਆ ਗਿਆ ਛਪ ਗਿਆ ਹੈ। ਇਹ ਲੇਖ ਗਿ: ਪ੍ਰਤਾਪ ਸਿੰਘ ਜੀ ਲਿਖਤ ਪੁਸਤਕ "ਗੁਰਮਤਿ ਲੈਕਚਰ" ਵਿਚੋਂ ਹੈ। ਇਹ ਚੋਰੀ ਹੈ। ਇਸ ਗੁਨਾਹ ਤੋਂ ਬਚਣਾ ਚਾਹੀਦਾ ਹੈ। ਅਸਲੀ ਲੇਖਕ ਦਾ ਨਾਂ ਦੇਣਾ ਅਤਿ ਜ਼ਰੂਰੀ ਹੈ।



www.AKJ.Org

# ਸ਼ਹੀਦੀ ਸਾਕਾ ਭਾਈ ਤਾਰੂ ਸਿੰਘ

[ਕੈਪਟਨ ਸਵਰਨ ਸਿੰਘ ਜੀ]

(ਲੜੀ ਜੋੜਨ ਲਈ ਵੇਖੋ ਸੂਰਾ ਫ਼ਰਵਰੀ ੧੯੯੬)

## *ਕਿਨਾਂ ਹਾਲਾਤ ਤੇ ਸਮੇਂ ਵਿਚ ਭਾਈ ਤਾਰੂ ਸਿੰਘ ਜੀ ਹੋਏ ?–*

ਦਿਲੀ, ਲਾਹੌਰ, ਸਰਹੰਦ, ਮੁਲਤਾਨ, ਕਸ਼ਮੀਰ, ਪਹਾੜੀ ਰਾਜਿਆਂ, ਰਾਜਪੂਤ ਰਾਜਿਆਂ, ਨਿਕੇ ਮੋਟੇ ਨਵਾਬਾਂ ਦੀਆਂ ਫ਼ੌਜਾਂ ਅਤੇ ਬੇਓੜਕੇ ਮੁਲਖਈਏ ਦੀ ਸਹਾਇਤਾ ਨਾਲ ਅਬਦੱਸਮਦ ਖ਼ਾਨ ਗਵਰਨਰ ਲਾਹੌਰ ਨੇ ਬੰਦਾ ਸਿੰਘ ਨੂੰ ਥੋੜੇ ਜਿਹੇ ਸਾਥੀਆਂ ਨਾਲ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘੇਰ ਲਿਆ ਤੇ ਇਹ ਘੇਰਾ ਅਠ ਮਹੀਨੇ ਤੋਂ ਕੁਝ ਦਿਨ ਉਪਰ ਜਾਰੀ ਰਿਹਾ। ਰਸਦ ਪੱਠੇ ਤੇ ਦਾਰੂ ਸਿੱਕੇ ਦੀ ਘਾਟ ਨੇ ਭਾਵੇਂ ਘਿਰਿਆਂ ਹੋਇਆਂ ਦੀ ਬੜੀ ਮੰਦੀ ਹਾਲਤ ਕਰ ਦਿਤੀ ਸੀ, ਫਿਰ ਵੀ ਫ਼ੌਜ ਡਰਦੀ ਗੜ੍ਹੀ ਦੇ ਨੇੜੇ ਨਹੀਂ ਸੀ ਫਟਕਦੀ। ਕਿਸੇ ਪਾਸੇ ਗੱਲ ਨਾ ਲਗਦੀ ਵੇਖ ਕੇ ਅੰਤ ਨੂੰ ਸੁਲਹ ਦਾ ਫ਼ਰੇਬੀ ਜਾਲ ਤਾਣਿਆ ਗਿਆ ਤੇ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਵਾਂਗ ਹੀ ਕੁਰਾਨ ਦੀ ਕਸਮ ਖਾ ਕੇ ਬੰਦਾ ਸਿੰਘ ਨੂੰ ਵਿਸ਼ਵਾਸ ਦਿਵਾ ਦਿਤਾ ਕਿ ਉਸ ਨਾਲ ਬਾਦਸ਼ਾਹ ਸੁਲਹ ਕਰਦਾ ਹੈ। ਗੜ੍ਹੀ ਛੱਡ ਕੇ ਬਾਹਰ ਆ ਜਾਵੇ ਤੇ ਗੁਜ਼ਾਰੇ ਲਈ ਕੁਝ ਇਲਾਕਾ ਲੈਣਾ ਤੈਅ ਕਰਨ ਲਈ ਗੱਲਬਾਤ ਕਰ ਲਵੇ। ਇੰਜ ਵਿਸਾਹਘਾਤ ਕਰ ਕੇ ਉਸ ਨੂੰ ਸਾਥੀਆਂ ਸਮੇਤ ਫੜ ਲਿਆ। ਜ਼ਖਮੀ ਤੇ ਬੀਮਾਰ ਤਾਂ ਗੜ੍ਹੀ ਦੇ ਪਾਸ ਹੀ ਕਤਲਾ ਦਿਤੇ ਗਏ। ਬਾਕੀ ੭੪੬ ਦੇ ਕਰੀਬ ਫੜ ਕੇ ਲਾਹੌਰ ਲੈ ਆਂਦੇ।

ਲਾਹੌਰੋਂ ਦਿਲੀ ਨੂੰ ਲੈ ਜਾਣ ਲੱਗਿਆਂ ਜ਼ਕਰੀਆ ਖ਼ਾਨ ਨੂੰ ਫੁਰਿਆ ਕਿ ਕੈਦੀਆਂ ਦੀ ਗਿਣਤੀ ਤਾਂ ਕੁਝ ਸੈਂਕੜੇ ਹੈ। ਦਿਲੀ ਦਰਬਾਰ ਵਿਚ ਤਾਅਨੇ ਮਿਹਣੇ ਵਜਣਗੇ ਕਿ ਲਖਾਂ ਦੀ ਗਿਣਤੀ ਨਾਲ ਅੱਠ ਮਹੀਨਿਆਂ ਤੋਂ ਵੀ ਵੱਧ ਸਮੇਂ ਤਕ ਘੇਰੇ ਦਾ ਨਤੀਜਾ ਇਹ ੭੪੬ ਆਦਮੀ ਹਨ ਜਿਨ੍ਹਾਂ ਪਾਸ ਹਥਿਆਰ ਵੀ ਪੂਰੇ ਨਹੀਂ ? ਬੜੀ ਵੱਡੀ ਸੂਰਮਗਤੀ ਕਰ ਕੇ ਆਏ ਹੋ ! ਸਿਰਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ, ਬਸ, ਸੋਚ ਦੀ ਢਿਲ ਸੀ, ਫੌਜਾਂ ਤਲਵਾਰਾਂ ਸੂਤ ਕੇ ਪੰਜਾਬ ਦਿਆਂ ਪਿੰਡਾਂ ਵਿਚ ਵੜ ਗਈਆਂ ਤੇ ਜ਼ੁਲਮ ਜਬਰ ਦੇ ਭਾਂਬੜ ਬਾਲ ਕੇ ਰਖ ਦਿਤੇ। ਜੋ ਪੱਗ-ਬੰਨ੍ਹ ਕਾਬੂ ਆਇਆ, ਲਾਹੌਰ ਲਿਆ ਕੇ ਕਤਲ ਕੀਤਾ ਗਿਆ ਤੇ ਸਿਰਾਂ ਦੇ ਸੈਂਕੜੇ ਗੱਡੇ ਭਰ ਕੇ ਕੈਦੀਆਂ ਦੇ ਨਾਲ ਹੀ ਪਿਛੇ ਪਿਛੇ ਦਿਲੀ ਨੂੰ ਤੋਰ ਦਿਤੇ, ਤਾਕਿ ਉਥੇ ਇਹ ਭੁਲੇਖਾ ਪਾਇਆ ਜਾ ਸਕੇ ਕਿ ਬੜੀ ਭਿਆਨਕ ਲੜਾਈ ਵਿਚ ਏਨੇ ਸਿਖ ਮਾਰ ਕੇ ਬੰਦਾ ਸਿੰਘ ਨੂੰ ਬੜੀ ਮੁਸ਼ਕਲ ਨਾਲ ਫੜਿਆ ਜਾ ਸਕਿਆ ਹੈ। ਲਾਹੌਰੋਂ ਦਿਲੀ ਨੂੰ ਜਾਂਦਿਆਂ ਰਾਹ ਦੇ ਆਸ ਪਾਸ ਦਿਆਂ ਪਿੰਡਾਂ ਵਿਚੋਂ ਇੰਜ ਹੀ ਸਿੰਘਾਂ ਦਾ ਸ਼ਿਕਾਰ ਖੇਡਿਆ ਜਾਂਦਾ ਰਿਹਾ ਤੇ ਜੋ ਕਾਬੂ ਆਇਆ, ਕਤਲ ਕਰ ਕੇ ਸਿਰ ਗੱਡਿਆਂ ਵਿਚ ਸੁਟ ਲਿਆ ਜਾਂਦਾ ਰਿਹਾ।

ਬੰਦਾ ਸਿੰਘ ਦੇ ਸਾਥੀ ਸਿੰਘ ਮਾਰਚ ੧੭੧੬ ਵਿਚ ਕੁਤਵਾਲੀ ਦੇ ਸਾਮ੍ਹਣੇ, ਅਜੋਕੀ ਗਾਂਧੀ ਲਾਇਬ੍ਰੇਰੀ ਵਾਲੀ ਥਾਂ, ਸੌ ਸੌ ਕਰਕੇ ਰੋਜ਼ ਕਤਲ ਹੁੰਦੇ ਰਹੇ। ਕਿਸੇ ਨੇ ਵੀ ਜਾਨ ਬਚਾਉਣ ਲਈ ਅਸਲਾਮ ਨਾ ਕਬੂਲਿਆ। ਸਮੇਤ ਅਠ ਜਰਨੈਲਾਂ ਤੇ ਆਪਣੇ ਚਾਰ ਸਾਲਾਂ ਦੇ ਬੱਚੇ ਦੇ ਬੰਦਾ ਸਿੰਘ ਨੂੰ ਕੁਤਬ ਸਾਹਿਬ ਦੀ ਲਾਠ ਦੇ ਲਾਗੇ ੯ ਜੂਨ ੧੭੧੬ ਈ: ਨੂੰ ਬੜੇ ਭਾਰੇ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ ਗਿਆ।

ਦਿਲੀ ਵਿਚ ਬੈਠਿਆਂ ਹਿੰਦੁਸਤਾਨ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਸਿਖ ਨਾਮ ਦੀ ਚੀਜ਼ ਸਦਾ ਲਈ ਦੁਨੀਆ ਵਿਚੋਂ ਖ਼ਤਮ ਕਰ ਦਿਤੀ ਗਈ ਹੈ। ਇਕ ਹੱਦ ਤੱਕ ਉਸ ਦੀ ਇਹ ਖ਼ੁਸ਼ਫ਼ਹਿਮੀ ਠੀਕ ਵੀ ਸੀ। ਸਿਖਾਂ ਦਾ ਬਹੁਤ ਹੀ ਜ਼ਿਆਦਾ ਜਾਨੀ ਮਾਲੀ ਨੁਕਸਾਨ ਹੋਇਆ ਸੀ। ਸਾਰੇ ਹੀ ਸਮਝਣ ਲਗ ਪਏ ਸਨ ਕਿ ਸਿਖ ਹੁਣ ਮਿਟਾ ਦਿਤੇ ਗਏ ਹਨ, ਇਹ ਕਦੀ ਉਠ ਨਹੀਂ ਸਕਣਗੇ।

ਬਾਦਸ਼ਾਹ ਨੇ ਖਾਸ ਤੌਰ ਤੇ ਖਿਲਅਤ ਦੇ ਕੇ ਜ਼ਕਰੀਆ ਖ਼ਾਨ ਨੂੰ ਮਾਣ ਵਡਿਆਈ ਦਿਤੀ ਤੇ ਉਸ ਦਾ ਮਰਤਬਾ ਵਧਾਇਆ ਗਿਆ। ਅਬਦੱਸਮਦ ਖ਼ਾਨ ਦਲੇਰਿ ਜੰਗ ਨੂੰ ਇਸ ਚੰਗੇ ਕੰਮ ਲਈ ਵਧਾਈ ਭੇਜੀ ਗਈ,



www.AKJ.Org

ਸਤਿਕਾਰ ਦਿਤਾ ਗਿਆ ਤੇ ਨਾਲ ਹੀ ਆਦੇਸ਼ ਦਿਤਾ ਗਿਆ ਕਿ ਸਿਖਾਂ ਪ੍ਰਤੀ ਸਖ਼ਤੀ ਵਿਚ ਢਿਲ ਨਾ ਆਵੇ। ਜੇ ਕੋਈ ਲੁਕ ਛਿਪ ਕੇ ਬਚ ਗਿਆ ਹੋਵੇ ਤਾਂ ਇਨ੍ਹਾਂ ਦੇ ਕਤਲਾਮ ਤੇ ਤਬਾਹੀ ਲਈ ਨਵੇਂ ਸਿਰਿਉਂ ਕਿਸੇ ਨਵੇਂ ਫ਼ਰਮਾਨ ਦੀ ਲੋੜ ਨਹੀਂ ਹੈ। ਸ਼ਹਿਨਸ਼ਾਹ ਬਹਾਦਰ ਸ਼ਾਹ ਖੁਲਦ-ਨਸ਼ੀਨ (ਮਰਹੂਮ) ਵਲੋਂ ਦਸੰਬਰ ੧੭੧੦ ਈ: ਨੂੰ ਸਿਖਾਂ ਦੇ ਕਤਲਾਮ ਲਈ ਜਾਰੀ ਕੀਤਾ ਗਿਆ ਫ਼ਰਮਾਨ ਸਿਖਾਂ ਵਿਰੁਧ ਹਮੇਸ਼ਾ ਲਈ ਲਾਗੂ ਸਮਝਿਆ ਜਾਵੇ।

ਅਬਦੱਸਮਦ ਖਾਨ ਨੇ ਸਿਖਾਂ ਨੂੰ ਫ਼ਨਾਹ-ਫ਼ਿਲਾ ਕਰਨ ਵਿਚ ਕੋਈ ਕਸਰ ਨਾ ਛੱਡੀ। ਗ੍ਰਾਮ ਬਸਤੀਆਂ ਤਾਂ ਇਕ ਪਾਸੇ ਰਹੀਆਂ, ਉਸ ਨੇ ਜੰਗਲ-ਬੇਲੇ ਤੇ ਝਾੜ-ਬੂਟ ਵੀ ਹੰਢ ਮਾਰੇ। ਜੋ ਸਿਖ ਫੜਿਆ ਗਿਆ, ਲਾਹੌਰ ਮੰਗਵਾ ਕੇ ਮੌਤ ਦੇ ਘਾਟ ਉਤਾਰ ਦਿਤਾ ਗਿਆ। ਰਾਠ ਸਿੰਘ ਭਾਵੇਂ ਗਿਣਤੀ ਵਿਚ ਬਹੁਤ ਜ਼ਿਆਦਾ ਨਹੀਂ ਸਨ ਰਹਿ ਗਏ, ਪਰ ਮੁਗ਼ਲੀਆ ਫੌਜਾਂ ਨਾਲ ਬਰਾਬਰ ਟੱਕਰਾਂ ਲੈਂਦੇ ਰਹੇ। ਇਹ ਅਸਾਵਾਂ ਮੁਕਾਬਲਾ ਸੀ। ਜਦ ਪਾਣੀ ਸਿਰੋਂ ਲੰਘਦਾ ਦਿਸਿਆ ਤਾਂ ਕੁਝ ਕੁ ਹਠੀਆਂ ਨੂੰ ਛੱਡ ਕੇ ਬਹੁਤ ਸਾਰੇ ਪੰਜਾਬੋਂ ਨਿਕਲ ਗਏ। ਬੰਦਾ ਸਿੰਘ ਦੇ ਰਾਜ-ਕਾਲ ਵਿਚ, ਉਸ ਦੇ ਜਾਹੋ ਜਲਾਲ ਤੇ ਸ਼ਕਤੀ ਨੂੰ ਵੇਖ ਕੇ ਬਹੁਤ ਸਾਰੇ ਹਿੰਦੂ ਅੰਮ੍ਰਿਤਧਾਰੀ ਬਣ ਗਏ ਸਨ। ਇਹ ਸੌਦਾ ਸਿਰਫ਼ ਗੌਂ ਦਾ ਸੀ। ਪਰ ਜਦ ਉਸ ਦੀ ਸ਼ਹੀਦੀ ਪਿਛੋਂ ਬਿਪਤਾ ਦੇ ਕਟਕ ਸਿਰ ਤੇ ਆਣ ਚੜ੍ਹੇ, ਸਖ਼ਤੀ ਨਾ ਝਲ ਸਕਦੇ ਹੋਏ ਜਾਨਾਂ ਬਚਾਉਣ ਲਈ ਸਿਖੀ ਤਿਆਗ ਕੇ ਫ਼ੌਰਨ ਆਪਣੇ ਪਹਿਲੇ ਅਸਲੀ ਰੂਪ ਵਿਚ ਆ ਗਏ। ਸਿਲਸਿਲਾ ਇਥੇ ਹੀ ਨਾ ਰੁਕਿਆ। ਕਿਉਂਕਿ ਸਿਖ ਹੋਣਾ ਹਕੂਮਤ ਦਾ ਵਿਦਰੋਹੀ ਮੰਨਿਆ ਜਾਂਦਾ ਸੀ, ਇਨ੍ਹਾਂ ਦੇ ਆਪਣੇ ਦੋਖੀ ਸ਼ਰੀਕਾਂ ਨੇ ਹੀ ਦਸਾਂ ਪਾ ਪਾ ਕੇ ਇਨ੍ਹਾਂ ਉਤੇ ਅਤਿਆਚਾਰ ਕਰਵਾਏ ਤੇ ਇਹ ਲੋਕ ਮਾਰੀ ਦੇ ਪ੍ਰਾਣ ਬਚਾਉਣ ਖ਼ਾਤਰ ਧੜਾ ਧੜ ਮੁਸਲਮਾਨ ਬਣਦੇ ਗਏ ਤੇ ਬਣੇ ਵੀ ਪਿੰਡਾਂ ਦੇ ਪਿੰਡ।

ਬੰਦਾ ਸਿੰਘ ਦੀ ਸ਼ਹਾਦਤ ਪਿਛੋਂ ਦਲੇਰਿ-ਜੰਗ ਨੇ ਪੰਜ ਛੇ ਸਾਲ ਤਕ ਸਿਖਾਂ ਉਤੇ ਬੜੇ ਕਹਿਰ ਤੋੜੇ। ਪਰ ਪਿਛੋਂ ਆ ਕੇ ਐਸ਼ੋ-ਇਸ਼ਰਤ ਵਿਚ ਖਚਿਤ ਹੋ ਜਾਣ ਕਰਕੇ ਸਿਖਾਂ ਵਲੋਂ ਕਾਫ਼ੀ ਢਿਲਾ ਪੈ ਗਿਆ। ਸੰਭਵ ਹੈ ਕਿ ਉਹ ਸਮਝ ਬੈਠਾ ਹੋਵੇ ਕਿ ਉਸ ਨੇ ਪੰਜਾਬ ਵਿਚੋਂ ਸਿਖਾਂ ਦਾ ਮੂਲੋਂ ਹੀ ਸਫ਼ਾਇਆ ਕਰ ਦਿਤਾ ਹੈ। ਇਹ ਉਸ ਦੀ ਭੁਲ ਸੀ। ਸਿਖਾਂ ਨੂੰ ਪੰਜਾਬ ਨਾਲੋਂ ਕੌਣ ਅਲਹਿਦਾ ਕਰ ਸਕਦਾ ਹੈ? ਜਦ ਸਖ਼ਤੀ ਵਿਚ ਢਿਲ ਆਈ ਤਾਂ ਝਲਾਂ, ਬੀੜਾਂ, ਜੰਗਲਾਂ ਤੇ ਪਹਾੜਾਂ ਨੂੰ ਛੱਡ ਕੇ ਆਪਣੇ ਗ੍ਰਾਵਾਂ, ਨਗਰਾਂ ਵਲ ਪਰਤੇ। ਹਕੂਮਤ ਨਾਲ ਸ਼ਸਤਰੀ ਟਾਕਰਾ ਕਰਨ ਵਾਲੇ ਤਾਂ ਪੱਕੇ ਤੌਰ ਤੇ ਪਿੰਡਾਂ ਵਿਚ ਨਾ ਟਿਕੇ, ਪਰ ਗੁਰਮੁਖ ਸਿੰਘ ਅਮਨ ਚੈਨ ਨਾਲ ਆਪਣੀ ਖੇਤੀ ਵਾੜੀ ਦੇ ਕੰਮਾਂ ਵਿਚ ਲੱਗ ਗਏ।

ਅਬਦੱਸਮਦ ਖਾਨ ਦੀ ਇਹ ਢਿਲ ਸਿੰਘਾਂ ਲਈ ਬੜੀ ਲਾਭਵੰਦੀ ਸਿਧ ਹੋਈ। ਇਹ ਸੁਖ ਦਾ ਸਮਾਂ ਬਹੁਤੀ ਦੇਰ ਤਕ ਕਾਇਮ ਨਾ ਰਿਹਾ। ਦਲੇਰ-ਜੰਗ ਦੀ ਢਿਲ ਨੇ ਕਈ ਲੁਟੂ ਜਾਂਗਲੀ ਕਬੀਲਿਆਂ ਤੇ ਗਰੋਹਾਂ ਵਿਚ ਲਾਲਚ ਨੂੰ ਉਭਾਰ ਦਿਤਾ। ਬਾਰਾਂ, ਨੱਕੇ, ਲਹਿੰਦੀ ਤੇ ਲਖੀ ਜੰਗਲ ਵਾਲੇ ਪਾਸੇ ਅਮਨ ਅਮਾਨ ਖ਼ਤਮ ਹੋ ਗਿਆ। ਥਾਂ ਥਾਂ ਉਤੇ ਧਾੜੇ, ਲੁਟਾਂ, ਖੋਹਾਂ ਤੇ ਡਾਕੇ ਵੱਜਣੇ ਸ਼ੁਰੂ ਹੋ ਗਏ। ਪਰ ਸਿਤਮ ਇਹ ਹੋਇਆ ਕਿ ਇਹ ਸਾਰੀ ਬਦ-ਅਮਨੀ ਸਿਖਾਂ ਦੇ ਸਿਰ ਮੜ੍ਹੀ ਗਈ। ਜਦ ਇਸ ਮੰਦੀ ਹਾਲਤ ਦੀਆਂ ਖ਼ਬਰਾਂ ਦਿਲੀ ਅੱਪੜੀਆਂ ਤਾਂ ਦਲੇਰਿ ਜੰਗ ਨੂੰ ਲਾਹੌਰੋਂ ਮੁਲਤਾਨ ਸੂਬੇ ਵਿਚ ਬਦਲ ਦਿਤਾ ਤੇ ਉਸ ਦੇ ਪੁਤਰ ਜ਼ਕਰੀਆ ਖਾਨ ਨੂੰ ਕਸ਼ਮੀਰੋਂ ਲਾਹੌਰ ਲੈ ਆਂਦਾ। ਇਹ ਨਜ਼ਾਮਤ ਉਸ ਨੇ ਮੂੰਹੋਂ ਮੰਗ ਕੇ ਲਈ ਸੀ, ਕਿਉਂਕਿ ਉਹ ਸਮਝਦਾ ਸੀ ਕਿ ਬੰਦਾ ਸਿੰਘ ਵਿਰੁਧ ਪ੍ਰਾਪਤ ਹੋਈ ਸਫਲਤਾ ਵਿਚ ਉਹ ਵੱਡਾ ਹਿੱਸੇਦਾਰ ਸੀ। ਉਹ ਦਿੱਲੀ ਸਰਕਾਰ ਦਾ ਭਰੋਸਾ ਜਿਤ ਚੁਕਿਆ ਸੀ। ਉਸ ਨੂੰ ਆਪਣੀ ਤਾਕਤ, ਤਜਰਬੇ ਤੇ ਸੰਗਦਿਲੀ ਉਤੇ ਨਿਸਚਾ ਸੀ ਕਿ ਉਹ ਸਿਖਾਂ ਵਿਰੁਧ ਸਾਰਿਆਂ ਨਾਲੋਂ ਜ਼ਿਆਦਾ ਸਖ਼ਤੀ ਕਰ ਸਕਦਾ ਹੈ।

**ਜ਼ਕਰੀਆ ਖ਼ਾਨ ਵਲੋਂ ਮੁੜ ਸਖ਼ਤੀ ਦਾ ਆਰੰਭ—**

ਜ਼ਕਰੀਆ ਖ਼ਾਨ, ਜਿਸ ਨੂੰ ਇਤਿਹਾਸਕਾਰ ਖ਼ਾਨ ਬਹਾਦਰ ਵੀ ਕਹਿੰਦੇ ਹਨ, ਨੇ ਆਉਂਦਿਆਂ ਹੀ ਸਿਖਾਂ ਦੇ ਖ਼ਾਤਮੇ ਲਈ ਬਾਨ੍ਹਣੂ ਬੰਨ੍ਹਣੇ ਆਰੰਭ ਦਿਤੇ। ਉਸ ਦੇ ਬਾਪ ਨੇ ਇਸ ਕੰਮ ਲਈ ਗਸ਼ਤੀ ਫੌਜ ਬਣਾਈ ਸੀ,



www.AKJ.Org

ਖ਼ਬਰ ਮਿਲਣ ਤੇ ਦੂਰ ਦੂਰ ਤਕ ਸਿਖਾਂ ਵਿਰੁਧ ਜਾ ਅਪੜਦੀ ਤੇ ਉਨ੍ਹਾਂ ਨੂੰ ਜ਼ਿੰਦਾ ਫੜ ਲੈਣ ਜਾਂ ਮਾਰ ਮੁਕਾਉਣ ਦੇ ਯਤਨ ਕਰਦੀ। ਖ਼ਾਨ ਬਹਾਦਰ ਨੇ ਇਸ ਗਸ਼ਤੀ ਫੌਜ ਨੂੰ ਨਵੇਂ ਸਿਰਿਉਂ ਤਰਤੀਬ ਦਿਤੀ ਤੇ ਉਸ ਦੀ ਗਿਣਤੀ ਵੀ ਬਹੁਤ ਵਧਾ ਲਈ। ਇਹ ਸਿੰਘਾਂ ਵਿਰੁਧ ਪਿੰਡਾਂ ਵਿਚ ਹਰਲ ਹਰਲ ਕਰਦੀ ਵਿਰਦੀ। ਇਸ ਨੇ ਸਿੰਘਾਂ ਵਿਰੁਧ ਕੋਈ ਪੁਣ ਛਾਣ ਥੋੜੋ ਕਰਨੀ ਸੀ। ਅੰਮ੍ਰਿਤਧਾਰੀ ਹੋਣਾ ਹੀ ਉਨ੍ਹਾਂ ਦਾ ਸਭ ਤੋਂ ਵੱਡਾ ਕਸੂਰ ਸੀ। ਸਿਖੀ ਸਰੂਪ ਵਾਲੇ ਨੂੰ ਸਰਕਾਰ ਦਾ ਵਿਦਰੋਹੀ ਜਾਣ ਕੇ ਖ਼ਤਮ ਕਰਨਾ ਇਸ ਫੌਜ ਦਾ ਪਹਿਲਾ ਨਿਸ਼ਾਨਾ ਸੀ। ਇਸ ਸਰੂਪ ਵਿਚ ਜੋ ਵੀ ਦਿਸਿਆ, ਬੱਸ ਧਰ ਲਿਆ ਗਿਆ ਤੇ ਲਾਹੌਰ ਲੈ ਜਾ ਕੇ ਕਤਲਾਇਆ ਗਿਆ।

ਗਸ਼ਤੀ ਫੌਜ ਦੇ ਕਾਲਮਾਂ ਦੇ ਕੰਮ ਨੂੰ ਸੁਖਾਵਾਂ ਤੇ ਅਸਰ-ਦਾਇਕ ਬਨਾਉਣ ਲਈ ਪਿੰਡ ਪਿੰਡ ਮੁਖਬਰਾਂ ਦਾ ਜਾਲ ਵਿਛਾ ਦਿਤਾ। ਤੱਪਿਆਂ ਦਿਆਂ ਚੌਧਰੀਆਂ ਤੇ ਪਿੰਡਾਂ ਦਿਆਂ ਨੰਬਰਦਾਰਾਂ ਪਾਸੋਂ ਲਿਖਵਾ ਲਿਆ ਗਿਆ ਕਿ ਉਨ੍ਹਾਂ ਦੀਆਂ ਚੌਧਰਾਇਤਾਂ ਤੇ ਨੰਬਰਦਾਰੀਆਂ ਵਿਚ ਕੋਈ ਸਿੰਘ ਨਜ਼ਰ ਨਾ ਆਵੇ। ਇਸ ਵਿਉਂਤ ਦੀ ਸਫਲਤਾ ਲਈ ਜਿਸ ਜਿਸ ਨੇ ਵਧ ਚੜ੍ਹ ਕੇ ਹਿੱਸਾ ਲਿਆ ਤੇ ਨਮਕ-ਹਲਾਲੀ ਵਿਖਾਈ, ਸਰਕਾਰ ਵਲੋਂ ਉਨ੍ਹਾਂ ਦਾ ਮਾਣ-ਸਤਿਕਾਰ ਵਧਾਇਆ ਜਾਵੇਗਾ ਤੇ ਕਈ ਰਿਆਇਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਨ੍ਹਾਂ ਸਰਕਾਰੀ ਖ਼ੈਰ-ਖ਼ੁਵਾਹਾਂ ਨੇ ਆਪਣੇ ਆਪ ਨੂੰ ਇਕ ਦੂਜੇ ਤੋਂ ਵਧ ਵਫ਼ਾਦਾਰ ਸਾਬਤ ਕਰਨ ਲਈ ਅਮਨ ਚੈਨ ਨਾਲ ਵਸਦੇ ਸਾਧਾਰਨ ਸਿਖਾਂ ਨੂੰ, ਜੋ ਕਿਰਸਾਣੀ ਜਾਂ ਕੋਈ ਹੋਰ ਨਿੱਕਾ ਮੋਟਾ ਕਿਤਾ ਕਰਦੇ ਸਨ, ਨੂੰ ਵੀ ਕਿਸੇ ਨਾ ਕਿਸੇ ਵਲਾਵੇ ਵਿਚ ਲਿਆ ਕੇ ਫੜਵਾ ਦੇਣਾ। ਇਸ ਤਰ੍ਹਾਂ ਦੇ ਬੇਦੋਸ਼ੇ ਤੇ ਮਾਸੂਮ ਸਿਖਾਂ ਨੂੰ ਲਾਹੌਰ ਲੈ ਜਾ ਕੇ ਇਕ ਹੀ ਸਵਾਲ ਪੁਛਿਆ ਜਾਂਦਾ ਕਿ ਜੇ ਤੁਸੀਂ ਜਾਨ ਬਚਾਉਣੀ ਚਾਹੁੰਦੇ ਹੋ ਤਾਂ ਸਿਖੀ ਤਿਆਗ ਕੇ ਮੁਸਲਮਾਨ ਹੋਣ ਲਈ ਤਿਆਰ ਹੋ? ਆਫ਼ਰੀਨ ਹੈ ਇਨ੍ਹਾਂ ਸਿਧੇ ਸਾਦੇ ਤੇ ਨਿਰਦੋਸ਼ ਧਰਮੀਆਂ ਦੇ, ਜਿਨ੍ਹਾਂ ਦੋ ਦਿਨਾਂ ਦੀ ਜ਼ਿੰਦਗੀ ਲਈ ਆਪਣਾ ਈਮਾਨ ਨਾ ਹਾਰਿਆ। ਇਹੋ ਜਿਹੇ ਅਨਗਿਣਤ ਨਿਰਦੋਸ਼ਾਂ ਦੇ ਸਿਰ ਨਖ਼ਾਸ ਮੰਡੀ ਵਿਚ ਲਹਿੰਦੇ ਰਹੇ, ਅਨੇਕ ਪ੍ਰਕਾਰ ਦੇ ਤਸੀਹੇ ਖਿੜੇ ਮਥੇ ਝਲਦੇ ਰਹੇ, ਪਰ ਕਿਸੇ ਲਾਲਚ ਜਾਂ ਡਰ ਦਾ ਸ਼ਿਕਾਰ ਹੋ ਕੇ ਸਿਖੀ ਨੂੰ ਦਾਗ ਨਾ ਲਾਇਆ।

## ਸਿਖੀ ਦੇ ਦੋਖੀ ਸਰਕਾਰੀ ਮੁਖਬਰਾਂ ਤੇ ਸੂਹੀਆਂ ਦਾ ਜਾਲ :–

ਜ਼ਕਰੀਆ ਖ਼ਾਨ ਨੇ ਆਪਣੀ ਨੀਤੀ ਸਫਲ ਕਰਨ ਲਈ ਆਪਣੇ ਮੁਖਬਰਾਂ ਦਾ ਬੜਾ ਵਡਾ ਤੇ ਸੰਘਣਾ ਜਾਲ ਆਪਣੀ ਨਿਜ਼ਾਮਤ ਵਿਚ ਤਣਿਆ ਹੋਇਆ ਸੀ। ਸਿਖਾਂ ਦੇ ਖ਼ਾਤਮੇ ਲਈ ਜਿਨ੍ਹਾਂ ਸਭ ਤੋਂ ਵਧ ਜ਼ੋਰ ਲਾਇਆ, ਉਨ੍ਹਾਂ ਵਿਚੋਂ ਸਭ ਤੋਂ ਉਘੇ ਇਹ ਹਨ : ਚੌਧਰੀ ਰਾਮਾ ਰੰਧਾਵਾ ਘਣੀਏਂ ਵਾਲਾ, ਕਰਮਾ ਛੀਨੇ ਪਿੰਡ ਦਾ ਮਾਨਾ ਨੌਸ਼ਹਿਰਾ ਪੰਨੂਆਂ ਦਾ, ਸਾਹਿਬ ਰਾਇ ਸੰਧੂ ਨੌਸ਼ਹਿਰਾ ਢਾਲਾ, ਧਰਮ ਦਾਸ ਤੱਪੀ ਜੋਧਾ ਨਗਰੀਆ, ਦਿਲਬਾਗ ਰਾਇ ਸਰਾਉ, ਹੈਬਤਮੱਲ ਧਨੇਸ਼ਟੇ ਵਾਲਾ, ਲਾਲੂ ਵਿਰਕ ਭਿਖੀ ਦਾ, ਮੋਲਕ ਰਾਇ ਸੰਧੂ ਬੁੰਦਾਲੀਆ, ਚੌਧਰੀ ਦਿਆਲਾ ਵੜਾਇਚ ਗੁਜਰਾਂਵਾਲੇ ਦਾ, ਸਯਾਮ ਸ਼ਾਹ ਖ਼ਤਰੀ ਘਰਜਾਖਦਾ, ਗੁਰੀਆ ਮੱਟੂ ਪਿੰਡ ਦਾ, ਦਿਆਨਤ ਰਾਇ ਸੋਧਰੇ ਦਾ, ਉਘਰ ਸੈਨ ਖਤਰੀ ਐਮਨਾਬਾਦੀਆ, ਗੁਲਾਬ ਰਾਇ ਬੈਂਸ ਮਾਹਲਪੁਰੀਆ, ਮੱਦੋ ਚੌਧਰੀ ਮਜੀਠੇ ਦਾ, ਜੋਧ ਖੋਖਰ ਵਾਲਾ, ਮੁਲੇਮੀ ਗਿਲ ਨੌਸ਼ਹਿਰੇ ਦਾ, ਨਥਾ ਉੱਪਲ ਐਮੇ ਵਾਲਾ, ਹਸਨਾ ਸੰਧੂ ਸਰਾਂ ਵਾਲਾ, ਕਜਲਾ ਰੰਧਾਵਾ ਬਟਾਲੇ ਦਾ, ਭਾਗੂ ਕਾਹਲੋਂ ਗੋਤ ਦਾ ਪਿੰਡ ਭਾਗੂਵਾਲੀਆ, ਅਕਾਲ ਬੱਘਾ, ਰਾਇ ਥਾਨਾਬਾਦ, ਰਾਇ ਹਰ ਚੰਦ ਚਸ਼ਮੇ ਦਾ, ਰਾਇ ਖੁਸ਼ਾਲੀ ਸੰਧੂ ਕਾਨ੍ਹੇ ਦਾ, ਭੀਮਾ ਢਿਲੋਂ ਕਸੂਰ ਦਾ, ਦਿਆਲਾ ਕਾਹਲੋਂ ਸੈਦਵਾਲੇ ਦਾ, ਨਿਬਾਹੂ ਸੰਧੂ ਭੂਰੇ ਪਿੰਡੋਂ, ਮਿਲਖਾ ਸੰਧੂ ਕਾਛੇ ਦਾ, ਹਯਾਤ ਖਾਂ ਠੱਠੇ ਪਿੰਡ ਦਾ, ਪੀਰ ਮੁਹੰਮਦ ਚੱਠਾ, ਹਰ ਭਗਤ ਨਿਰੰਜਨੀਆ ਜੰਡਿਆਲੇ ਦਾ, ਕਾਦਰ ਬਖਸ਼ ਨਿਢਾਲ, ਸਾਹਿਬ ਖਾਂ ਟਿਵਾਣਾ, ਇਸਮਾਈਲ ਖ਼ਾਂ ਮੰਡਿਆਲ ਸਿਆਲਕੋਟ ਦਾ, ਫ਼ਤਹ ਖ਼ਾਂ ਘੇਬ ਕੋਟ ਘੇਬਾ ਦਾ, ਔਲੀਆ ਘੇਬ ਪਿੰਡੀ ਘੇਬਾ ਤੋਂ, ਆਦਿ। ਇਨ੍ਹਾਂ ਵਿਚ ਹਰਭਗਤ ਨਿਰੰਜਨੀਆ ਸਭ ਤੋਂ ਵੱਡਾ ਦੁਸ਼ਟ ਸੀ ਤੇ ਰਾਮੇ ਰੰਧਾਵੇ ਦਾ ਚੰਡਾਲਪੁਣਾ ਇਨ੍ਹਾਂ ਸਤਰਾਂ ਤੋਂ ਭਲੀ ਭਾਂਤ ਅਨੁਭਵ ਹੋ ਸਕਦੈ–



www.AKJ.Org

ਰਾਮੇ ਰੰਧਾਵੇ ਕੇ ਦੇਸ ਨਾ ਜਾਇਓ ॥
ਮਾਝੇ ਮੇਂ ਹੀ ਡੇਲਾ ਬਾਟਾ ਖਾਇਓ ॥

ਖਾਨ ਬਹਾਦਰ ਦੀ ਖੁਸ਼ਨੂਦੀ ਹਾਸਿਲ ਕਰਨ ਲਈ ਸਿੰਘਾਂ ਦੇ ਛੋਟੇ ਛੋਟੇ ਬੱਚੇ ਵੀ ਸੂਹਾਂ ਦੇ ਕੇ ਫੜਵਾ ਕੇ ਮਰਵਾ ਦਿਤੇ। ਜ਼ੁਲਮ ਦਾ ਕੋਈ ਓੜਕ ਨਾ ਰਿਹਾ।

ਜ਼ਕਰੀਆ ਖਾਨ ਨਾਜ਼ਿਮ ਲਾਹੌਰ ਸਰਕਾਰ, ਗਸ਼ਤੀ ਫੌਜਾਂ, ਮੁਖਬਰਾਂ ਦੇ ਜਾਲ, ਜਨੂੰਨੀ ਗਾਜ਼ੀਆਂ ਦੀਆਂ ਧਾੜਾਂ ਤੇ ਉਤੋਂ ਦਿਲੀ ਸਰਕਾਰ ਦੀ ਫ਼ੌਜੀ ਸਹਾਇਤਾ ਨਾਲ ਵੀ ਸਿੰਘਾਂ ਨੂੰ ਨਿਵਾ ਨਾ ਸਕਿਆ ਤਾਂ ਲਿਫ ਕੇ ਸਿੰਘਾਂ ਨਾਲ ਸੁਲਹ ਕਰ ਲਈ। ਸਿੰਘਾਂ ਨੂੰ ਨਵਾਬੀ ਦੇ ਕੇ ਜਾਗੀਰਾਂ ਦਿਤੀਆਂ। ਇਸ ਨੀਤੀ ਦਾ ਮਨੋਰਥ ਸਿੰਘਾਂ ਵਿਚ ਫੁਟ ਦੇ ਬੀਜ ਬੀਜ ਕੇ ਉਨ੍ਹਾਂ ਨੂੰ ਆਪੋ ਵਿਚ ਲੜਾ ਕੇ ਕਮਜ਼ੋਰ ਕਰਨ ਪਿਛੋਂ, ਆਪ ਕਰਾਰੀ ਸੱਟ ਮਾਰ ਉਨ੍ਹਾਂ ਨੂੰ ਤਬਾਹ ਕਰਨ ਤੋਂ ਸੀ। ਉਸ ਵੇਲੇ ਸਿੰਘ ਬੜੇ ਸਿਦਕੀ ਤੇ ਇੱਕ ਦੂਜੇ ਨੂੰ ਵੇਖ ਕੇ ਜੀਊਣ ਵਾਲੇ ਤੇ ਇਕ ਦੂਜੇ ਤੋਂ ਜਾਨਾਂ ਕੁਰਬਾਨ ਕਰਨ ਵਾਲੇ ਸਨ। ਸੋ ਉਹ ਜ਼ਕਰੀਆ ਖਾਨ ਦੇ ਫਰੇਬ ਦੇ ਕੂਟਲ ਜਾਲ ਵਿਚ ਨਾ ਆਏ। ਖਾਨ ਬਹਾਦਰ ਆਪ ਹੀ ਸੁਲਹ ਦਾ ਅਹਿਦ ਤੋੜ, ਹਿਛ ਕੇ ਸਿੰਘਾਂ ਦੇ ਗਲ ਪੈ ਗਿਆ ਤੇ ਜ਼ੁਲਮ ਦੇ ਭਾਂਬੜ ਅੱਗੇ ਨਾਲੋਂ ਵੀ ਵਧ ਮਚਾ ਦਿਤੇ। ਸਿੰਘਾਂ ਨੇ ਘਰ ਘਾਟ ਛਡ ਕੇ ਫਿਰ ਜੰਗਲਾਂ ਤੇ ਝਲਾਂ ਵਿਚ ਟਿਕਾਣੇ ਜਾ ਮੱਲੇ। ਕੁਝ ਪਹਾੜਾਂ ਵਿਚ ਜਾ ਵੜੇ ਤੇ ਕਈ ਰਾਜਸਥਾਨ ਦੇ ਮਾਰੂ ਥਲਾਂ ਵਿਚ ਜਾ ਨਿਕਲੇ। ਉਹ ਸਖਤ ਤੋਂ ਸਖਤ ਔਕੜਾਂ ਤੇ ਕਸ਼ਟ ਝਲਦੇ ਹੋਏ ਦਿਨ-ਕਟੀ ਕਰਦੇ ਰਹੇ, ਪਰ ਜ਼ਕਰੀਆ ਖਾਨ ਦੀ ਈਨ ਨਹੀਂ ਮੰਨੀ।

ਦਰਬਾਰ ਸਾਹਿਬ ਦੇ ਦੁਆਲੇ ਪਹਿਰੇ ਬਿਠਾ ਦਿਤੇ ਗਏ ਤੇ ਸਿੰਘਾਂ ਲਈ ਗੁਰੂ ਘਰ ਦੇ ਖੁਲ੍ਹੇ ਦਰਸ਼ਨ ਦੀਦਾਰ ਵੀ ਬੰਦ ਹੋ ਗਏ। ਜ਼ਕਰੀਆ ਖਾਨ ਦੀ ਦਿੱਲੀ ਸੱਧਰ ਪੂਰੀ ਨਾ ਹੋਈ। ਸਿੰਘ ਤਲੀਆਂ ਤੇ ਸਿਰ ਧਰ ਕੇ ਪਹਿਰੂਆਂ ਵਿਚ ਦੀ ਲੰਘ ਕੇ ਦਰਸ਼ਨ ਇਸ਼ਨਾਨ ਕਰ ਆਉਂਦੇ। ਸੁਖਾ ਸਿੰਘ ਮਾੜੀ ਤਾਂ ਕਈ ਵਾਰ ਵੰਗਾਰ ਕੇ ਵਰ੍ਹਦੀਆਂ ਗੋਲੀਆਂ ਵਿਚ ਇਸ਼ਨਾਨ ਕਰ ਗਿਆ ਸੀ। ਸਿਰਫ ਇਸ਼ਨਾਨ ਹੀ ਨਹੀਂ, ਫੌਜੀ ਪਹਿਰੇਦਾਰਾਂ ਲਈ ਵੀ ਬਹਿਸ਼ਤਾਂ ਦੇ ਦਰਵਾਜ਼ੇ ਖੋਲ੍ਹ ਜਾਂਦਾ ਰਿਹਾ। ਮੌਤ ਦਾ ਭੈ, ਇਸ ਪ੍ਰੇਮ-ਖੇਡ ਨੂੰ ਰੋਕ ਨਾ ਸਕਿਆ। ਸਿੰਘ ਵੰਗਾਰ ਵੰਗਾਰ ਕੇ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਵੀ ਕਰਦੇ ਰਹੇ ਅਤੇ ਆਪਣੇ ਇਸ਼ਟ ਦੀ ਸ਼ਮ੍ਹਾ ਤੇ ਪਰਵਾਨਿਆਂ ਵਾਂਗ ਜਾਨਾਂ ਕੁਰਬਾਨ ਕਰਦੇ ਰਹੇ। ਨਾ ਤਾਂ ਖਾਨ ਬਹਾਦਰ ਨੇ ਹੀ ਨਰਮੀ ਫੜੀ ਤੇ ਨਾ ਸਿੰਘ ਹੀ ਕੁਰਬਾਨੀਆਂ ਤੋਂ ਪਿਛੇ ਹਟੇ।

੧੭੩੯ ਈਸਵੀ ਵਿਚ ਨਾਦਰਸ਼ਾਹ ਈਰਾਨ ਦਾ ਬਾਦਸ਼ਾਹ ਕਾਬਲ ਨੂੰ ਜਿਤਦਾ ਹੋਇਆ ਹਿੰਦੁਸਤਾਨ ਉਤੇ ਚੜ੍ਹ ਆਇਆ। ਦਿੱਲੀ ਵਿਚ ਕਤਲਾਮ ਕਰ ਕੇ ਤੇ ਇਸ ਨੂੰ ਲੁਟ ਪੁਟ ਕੇ ਵਾਪਸ ਆਉਂਦਾ ਸਿੰਘਾਂ ਹਥੋਂ ਲੁਟਿਆ ਗਿਆ। ਜਦ ਉਸ ਨੂੰ ਸਿੰਘਾਂ ਬਾਰੇ ਖਾਨ ਬਹਾਦਰ ਪਾਸੋਂ ਵਾਕਫੀ ਮਿਲੀ ਤੇ ਪਤਾ ਲੱਗਾ ਕਿ ਕਿਹੋ ਜਿਹੀ ਕੌਮ ਨਾਲ ਉਸ ਦਾ ਵਾਹ ਪਿਆ ਹੈ, ਉਸ ਨੇ ਜ਼ਕਰੀਆ ਖਾਨ ਨੂੰ ਨਸੀਹਤ ਕੀਤੀ ਸੀ ਕਿ ਇਹ ਤਰੇ ਮੇਰੇ ਮਾਰਨ ਦੇ ਨਹੀਂ। ਇਨ੍ਹਾਂ ਤੋਂ ਬਚਣਾ ਹੀ ਚੰਗਾ ਹੈ। ਇਹ ਛੇਤੀ ਹੀ ਉਠਣਗੇ। ਇਨ੍ਹਾਂ ਨੂੰ ਕੋਈ ਦਬਾ ਨਹੀਂ ਸਕੇਗਾ। ਆਪਣੇ ਸ਼ਾਸਨ ਨੂੰ ਪੱਕਿਆਂ ਕਰ, ਤੇ ਇਨ੍ਹਾਂ ਤੋਂ ਚਿੰਤਾਤਰ ਰਹਿ।

ਬੜੇ ਬਲੇ ਤੇ ਖਿਝੇ ਹੋਏ ਖ਼ਾਨ ਬਹਾਦਰ ਨੇ ਆਖ਼ਰੀ ਦਾਉ ਖੇਡਣ ਲਈ, ਦਿਲੀ ਸਰਕਾਰ ਤੋਂ ਫੌਜੀ ਸਹਾਇਤਾ ਤੇ ਨਾਦਰਸ਼ਾਹ ਪਾਸੋਂ ਮਿੰਨਤ ਸਮਾਜਤ ਨਾਲ ੨੧ ਲਖ ਰੁਪਏ ਖ਼ਰਾਜ ਦੀ ਰਕਮ ਵਿਚੋਂ ਕੁਝ ਛੂਟ ਦੀ ਰਿਆਇਤ ਹਾਸਿਲ ਕਰ ਕੇ, ਆਪਣੀ ਤਾਕਤ ਨੂੰ ਇਕੱਤਰ ਕਰਨ ਪਿਛੋਂ ਸਿਖਾਂ ਦੀ ਤਬਾਹੀ ਲਈ ਇਕ ਭਰਪੂਰ ਵਾਰ ਕੀਤਾ। ਦਰਬਾਰ ਸਾਹਿਬ ਦੇ ਦੁਆਲੇ ਪਹਿਲਾਂ ਨਾਲੋਂ ਵੀ ਸਖਤ ਪਹਿਰੇ ਬਿਠਾਏ ਗਏ ਅਤੇ ਸਿੰਘਾਂ ਨੂੰ ਪੰਜਾਬ ਛੱਡ ਜਾਣ ਲਈ ਮਜਬੂਰ ਕਰ ਦਿਤਾ। ਇਹ ੧੭੪੦ ਈ: ਦਾ ਦੌਰ ਸੀ ਜਦ ਮੱਸੇ ਰੰਘੜ ਨੇ ਅੱਤ ਚੁਕ ਲਈ ਤੇ ਸਿੰਘਾਂ ਉਸ ਦਾ ਦਰਬਾਰ ਸਾਹਿਬ ਅੰਦਰ ਹੀ ਕਤਲ ਕੀਤਾ। ਮੱਸੇ ਦਾ ਕਤਲ ਲਾਹੌਰ ਤੇ ਦਿੱਲੀ ਦੀ ਸਰਕਾਰ ਦੇ ਮੂੰਹ ਤੇ ਬੜਾ ਵੱਡਾ ਥੱਪੜ ਸੀ। ਖਾਨ ਬਹਾਦਰ ਤਾਂ ਕਰੋਧ ਵਿਚ ਮੱਚ ਕੇ ਕੋਲਾ ਹੋ ਗਿਆ ਤੇ ਸਿਖਾਂ ਦੇ ਬੀਜ ਨਾਸ ਦੀ ਕਸਮ ਖਾ ਲਈ। ਜ਼ੁਲਮ ਦੀ ਭੱਠੀ ਤਪਾਉਣ ਵਾਲੀ ਅਖ਼ੀਰ ਕਰ ਦਿਤੀ। ਚੌਧਰੀਆਂ, ਮੁਖਬਰਾਂ ਤੇ ਹੋਰ ਸਰਕਾਰੀ ਟੁਕੜ-ਬੋਚਾਂ



www.AKJ.Org

ਨੂੰ ਲਾਹੌਰ ਸੱਦ ਕੇ ਬੁਰੀ ਤਰ੍ਹਾਂ ਜ਼ਲੀਲ ਕੀਤਾ। ਇਨ੍ਹਾਂ ਦੇ ਅੜਿੱਕੇ ਰਾਠ ਸਿੰਘ ਤਾਂ ਆਉਂਦੇ ਨਹੀਂ ਸਨ ਤੇ ਨਾ ਹੀ ਇਹ ਡਰਦੇ ਉਨ੍ਹਾਂ ਵਲ ਮੂੰਹ ਹੀ ਕਰਦੇ ਸਨ। ਆਪਣੀਆਂ ਜਾਨਾਂ, ਜਾਗੀਰਾਂ ਤੇ ਚੌਧਰਾਇਤਾਂ ਬਚਾਉਣ ਲਈ ਇਨ੍ਹਾਂ ਦੁਸ਼ਟਾਂ ਨੇ ਘਰ ਬਾਰੀ ਮਾਸੂਮ ਸਿਖਾਂ ਨੂੰ ਫੜਾ ਫੜਾ ਮਰਵਾਉਣਾ ਨਿੱਤ ਦਾ ਕਰਮ ਬਣਾ ਲਿਆ। ਚੱਕੀ ਵਿਚ ਦਾਣਿਆਂ ਦਾ ਗਲਾ ਪੈਂਦਾ ਹੈ ਤੇ ਪੁੜ ਉਨ੍ਹਾਂ ਨੂੰ ਪੀਹ ਕੇ ਰਖ ਦੇਂਦੇ ਹਨ। ਇੰਜ ਹੀ ਇਹ ਮੁਖਬਰ ਮਾਸੂਮਾਂ ਦੇ ਭਰ ਭਰ ਗਲੇ ਪਾਈ ਗਏ ਤੇ ਖਾਨ ਬਹਾਦਰ ਦੀ ਜ਼ੁਲਮੀ ਚੱਕੀ ਉਨ੍ਹਾਂ ਨੂੰ ਪੀਸਦੀ ਰਹੀ। ਇਹ ਸਿਲਸਿਲਾ ੧੭੪੫ ਈ: ਵਿਚ ਖਾਨ ਬਹਾਦਰ ਦੀ ਮੌਤ ਤਕ ਲਗਾਤਾਰ ਇਕ-ਟਕ ਜਾਰੀ ਰਿਹਾ। ਇਹੋ ਹੀ, (ਭਾਵ ਖਾਨ ਬਹਾਦਰ ਦੇ ਅੰਤਲੇ ਦਿਨ) **ਭਾਈ ਤਾਰੂ ਸਿੰਘ ਦੀ ਸ਼ਹਾਦਤ** ਦਾ ਸਮਾਂ ਹੈ।

ਇਕ ਸੜਕ ਅੰਮ੍ਰਿਤਸਰ ਤੋਂ ਝਬਾਲ ਭਿਖੀਵਿੰਡ ਵਿਚਦੀ ਹੋ ਕੇ ਖੇਮ ਕਰਨ (ਹੁਣ ਹਿੰਦੁਸਤਾਨ ਦੇ ਐਨ ਪੱਛਮੀ ਬਾਰਡਰ ਉਤੇ) ਜਾਂਦੀ ਹੈ। ਪਾਕਿਸਤਾਨ ਬਣਨ ਤੋਂ ਪਹਿਲਾਂ ਇਹ ਸੜਕ ਕਸੂਰ ਨੂੰ ਅੰਮ੍ਰਿਤਸਰ ਨਾਲ ਮੇਲਦੀ ਸੀ। ਲਾਹੌਰੋਂ ਇਕ ਸੜਕ ਚਲ ਕੇ ਖਾਲੜਾ ਭਿਖੀਵਿੰਡ ਵਿਚਦੀ ਹੁੰਦੀ ਹੋਈ ਹਰੀਕੇ ਪਤਣ ਪਹੁੰਚਦੀ ਸੀ। ਇਹ ਦੋਵੇਂ ਸੜਕਾਂ ਭਿਖੀਵਿੰਡ ਪਿੰਡ ਦੇ ਪੱਛਮ-ਦੱਖਣੀ ਕੋਨੇ ਵਿਚ ਇਕ ਦੂਜੇ ਨੂੰ ਕਟਦੀਆਂ ਹਨ। ਇਸ ਚੋਰਸਤੇ ਦੇ ਐਨ ਪਹਾੜ ਵਿਚ ਡੇਢ ਕਿਲੋਮੀਟਰ ਦੀ ਵਿਥ ਤੇ ਆਪੋ ਵਿਚ ਚੜ੍ਹਦੇ-ਲਹਿੰਦੇ ਰੁਖ ਤੇ ਦੋ ਛੋਟੇ ਛੋਟੇ, ਪਰ ਇਤਿਹਾਸਕ ਪੱਖੋਂ ਮਹੱਤਤਾ ਵਾਲੇ ਪਿੰਡ ਹਨ—ਪੂਹਲਾ ਅਤੇ ਸਿੰਘ ਪੁਰਾ। ਇਨ੍ਹਾਂ ਦਾ ਆਪੋ ਵਿਚ ਪੂਰਬ-ਪੱਛਮ ਰੁਖ ਫਾਸਲਾ ਤਿੱਤਰ-ਉਡਾਰੀ ਹੈ ਤੇ ਪੂਹਲਾ ਪੱਛਮ ਵਿਚ ਹੈ। ਪੂਹਲਾ ਭਾਈ ਤਾਰੂ ਸਿੰਘ ਦਾ ਪਿੰਡ ਹੈ ਤੇ ਇਨ੍ਹਾਂ ਜੱਟਾਂ ਦਾ ਗੋਤਰ ਸੰਧੂ ਹੈ। ਸਿੰਘਪੁਰਾ ਸਿੰਘ-ਪੁਰੀਆ ਮਿਸਲ (ਫੈਜ਼ਉਲਾ-ਪੁਰੀਆ ਮਿਸਲ) ਦੇ ਮੋਢੀ ਨਵਾਬ ਕਪੂਰ ਸਿੰਘ ਦਾ ਪਿੰਡ ਹੈ ਤੇ ਇਥੋਂ ਦੇ ਜੱਟ ਵਿਰਕ ਹਨ।

ਭਾਈ ਤਾਰੂ ਸਿੰਘ ਦੀ ਛੋਟੀ ਜਿਹੀ ਜ਼ਿਮੀਦਾਰੀ ਸੀ। ਇਹ ਬਚਪਨ ਵਿਚ ਹੀ ਅੰਮ੍ਰਿਤ ਪਾਨ ਕਰ ਕੇ ਸਿੰਘ ਸੱਜ ਗਏ ਸਨ। ਇਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫ਼ੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿਚ ਸ਼ਹੀਦ ਹੋਏ ਸਨ।[1] ਭਜਨ ਬੰਦਗੀ, ਖੇਤਾਂ ਵਿਚ ਦਸਾਂ ਨਹੁੰਆਂ ਦੀ ਕਿਰਤ ਕਰਨੀ, ਆਪਣੀ ਆਮਦਨੀ ਨੂੰ ਲੋੜਵੰਦਾਂ ਨਾਲ ਵੰਡ ਛਕਣਾ ਉਨ੍ਹਾਂ ਦੀ ਜ਼ਿੰਦਗੀ ਦਾ ਹੁਲਾਰਾ ਸੀ। ਉਹ ਪੂਰਨ ਗੁਰਸਿਖ ਸਨ ਤੇ ਹਰ ਇਕ ਦੇ ਸਹਾਈ ਸਨ। ਲਾਹੌਰੋਂ ਪੱਟੀ ਨੂੰ ਜਾਣ ਵਾਲੀ ਸੜਕ ਇਨ੍ਹਾਂ ਦੇ ਪਿੰਡ ਪੂਹਲਾ ਦੇ ਦਖਣ ਵਲ ਦੀ ਲੰਘਦੀ ਸੀ। ਰਾਤ ਬਰਾਤੇ ਰਾਹੀ ਪਾਂਧੀ ਇਨ੍ਹਾਂ ਦੇ ਘਰ ਹੀ ਆਣ ਟਿਕਦੇ, ਜਿਥੇ ਬਿਨਾਂ ਭੇਦ-ਭਾਵ ਜਾਂ ਵਿਤਕਰੇ ਦੇ, ਲੰਗਰ ਪਾਣੀ ਤੇ ਮੰਜਾ ਬਿਸਤਰਾ ਮਿਲਦਾ। ਰਾਹੀ ਸੁਖ ਦਾ ਸਮਾਂ ਕੱਟ ਕੇ ਭਾਈ ਤਾਰੂ ਸਿੰਘ ਦਾ ਜਸ ਗਾਉਂਦੇ ਆਪਣੇ ਰਾਹੇ ਪੈਂਦੇ। ਇਸ ਸੇਵਾ-ਭਾਵ ਨੇ ਭਾਈ ਜੀ ਦੀ ਸੋਭਾ ਬਹੁਤ ਦੂਰ ਦੂਰ ਤਕ ਪਹੁੰਚਾ ਦਿਤੀ ਹੋਈ ਸੀ। ਇਨ੍ਹਾਂ ਦਾ ਘਰ "ਘਰ ਘਰ ਅੰਦਰਿ ਧਰਮਸਾਲ" ਦਾ ਸਾਕਾਰ ਨਮੂਨਾ ਬਣਿਆ ਹੋਇਆ ਸੀ। ਹਰ ਲੋੜਵੰਦ ਮੁਸਾਫ਼ਰ ਵਾਸਤੇ ਹਰ ਸਮੇਂ ਖੁਲ੍ਹਾ। ਘਰ ਦੇ ਸਿਰਫ਼ ਤਿੰਨ ਹੀ ਜੀਅ ਸਨ: ਮਾਤਾ, ਭਾਈ ਤਾਰੂ ਸਿੰਘ ਤੇ ਛੋਟੀ ਭੈਣ ਬੀਬੀ ਤਾਰੋ। ਬੀਬੀ ਦਾ ਪਤੀ ਗੁਜ਼ਰ ਚੁਕਿਆ ਸੀ ਤੇ ਆਪਣੇ ਪੇਕੇ ਘਰ ਇਥੇ ਭਾਈ ਜੀ ਪਾਸ ਹੀ ਰਹਿੰਦੀ ਸੀ। ਇਸ ਦਾ ਕੋਈ ਬੱਚਾ ਨਹੀਂ ਸੀ। ਦੋਵੇਂ ਮਾਵਾਂ ਧੀਆਂ ਹੋਰ ਕੰਮ ਕਾਜ ਤੋਂ ਵੇਹਲੀਆਂ ਹੋ ਕੇ ਆਉਣ ਜਾਣ ਵਾਲੇ ਰਾਹੀ ਪਾਂਧੀਆਂ ਵਾਸਤੇ ਲੰਗਰ ਤਿਆਰ ਕਰਨ ਲਈ ਚੱਕੀ ਤੇ ਆਟਾ ਪੀਸਣ ਲੱਗ ਜਾਂਦੀਆਂ। ਆਟਾ ਪੀਸਣਾ, ਆਏ ਗਏ ਲਈ ਲੰਗਰ ਸਜਾਉਣਾ, ਛਕਾਉਣਾ, ਬਰਤਨ ਮਾਂਜਣੇ ਤੇ ਟਹਿਲ ਕਮਾਉਣੀ ਇਨ੍ਹਾਂ ਲਈ ਬੰਦਗੀ ਸੀ। ਹਾੜੀ ਸਾਉਣੀ ਜੋ ਆਉਂਦੀ, ਭਾਈ ਜੀ ਸੇਵਾ ਵਿਚ ਖ਼ਰਚ ਕਰ ਦੇਂਦੇ। ਉਹ ਕਿਹਾ ਕਰਦੇ ਸਨ ਕਿ ਇਹ ਸਭ ਕੁਝ ਵਾਹਿਗੁਰੂ ਦੀ ਦੇਣ ਤੇ ਕਿਰਪਾ ਹੈ ਅਤੇ ਇਹ ਸਾਧ ਸੰਗਤ ਵਾਸਤੇ ਹੈ। ਇਹ ਇਨ੍ਹਾਂ ਦੇ ਹੀ ਲੇਖੇ ਲਗਣਾ ਚਾਹੀਦਾ ਹੈ। ਸੇਵਾ ਤਾਂ ਸਾਨੂੰ ਲਾਹੇ ਵਿਚ ਮਿਲਦੀ ਹੈ।

ਚਾਰ ਚੁਫੇਰੇ ਦੇ ਲੋਕ ਭਾਈ ਜੀ ਨੂੰ ਬੜਾ ਵਡਾ ਭਜਨੀਕ ਤੇ ਪੂਰਨ ਗੁਰਸਿਖ ਸਮਝ ਕੇ ਬਹੁਤ ਹੀ ਪਿਆਰ ਸਤਿਕਾਰ ਦੇਂਦੇ ਸਨ। ਸਾਰੇ ਹੀ ਰਾਠ ਸਿੰਘ, ਪਰ ਸਿੰਘਪੁਰੀਆ ਮਿਸਲ ਦੇ ਸੂਰਮੇ ਖਾਸ ਤੌਰ ਤੇ ਇਨ੍ਹਾਂ ਦਾ ਸਤਿਕਾਰ ਕਰਦੇ ਸਨ।

[ਚਲਦਾ]

www.AKJ.Org

# ਕੀ ਇਹ ਜ਼ਖਮਾਂ ਤੇ ਮਰ੍ਹਮ ਲਗ ਰਹੀ ਹੈ ?

[ਸ: ਸੁਰਜੀਤ ਸਿੰਘ ਬਰਨਾਲਾ]

**ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ੭ ਮਾਰਚ ਨੂੰ ਪੰਜ ਵਿਧਾਨ ਸਭਾ ਵਿਚ ਜਿਹੜਾ ਭਾਸ਼ਣ ਦਿਤਾ ਹੈ, ਉਹ ਰਾਜਨੀਤਕ ਹਲਕਿਆਂ 'ਚ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੈ। ਸ: ਬਰਨਾਲਾ ਨੇ ਨਵੰਬਰ ੧੯੮੪ ਦੇ ਦੰਗਿਆਂ, ਫ਼ੌਜੀ ਕਾਰਵਾਈ ਵਿਰੁਧ ਰੋਸ ਵਜੋਂ ਬੈਰਕਾਂ ਛੱਡਣ ਵਾਲੇ ਫ਼ੌਜੀਆਂ ਤੇ ਨਜ਼ਰਬੰਦ ਨੌਜਵਾਨਾਂ ਸਬੰਧੀ ਅਹਿਮ ਤੱਥ ਪੇਸ਼ ਕੀਤੇ ਹਨ। ਆਪਣੇ ਪਾਠਕਾਂ ਦੀ ਜਾਣਕਾਰੀ ਲਈ ਅਸੀਂ ਇਸ ਭਾਸ਼ਣ ਦੇ ਕੁਝ ਅੰਸ਼ ਪ੍ਰਕਾਸ਼ਤ ਕਰ ਰਹੇ ਹਾਂ।**

ਸਤਿਕਾਰ ਯੋਗ ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਭਾਸ਼ਣ ਉਤੇ ਬਹੁਤ ਅੱਛੀ ਬਹਿਸ ਹੋਈ ਹੈ। ਉਸ ਬਹਿਸ ਦੇ ਖ਼ਾਤਮੇ ਤੇ ਮੈਨੂੰ ਅਫ਼ਸੋਸ ਹੈ ਕਿ ਸਾਡੀ ਵਿਰੋਧੀ ਧਿਰ ਦੇ ਮੈਂਬਰ ਹਾਜ਼ਰ ਨਹੀਂ। ਉਨ੍ਹਾਂ ਦੇ ਖ਼ਾਲੀ ਬੈਂਚ ਸਾਡੇ ਵੱਲ ਝਾਕ ਰਹੇ ਹਨ। ਸਵਾਦ ਨਹੀਂ ਆਉਂਦਾ ਜਦੋਂ ਕੋਈ ਸਾਹਮਣੇ ਨਾ ਬੈਠਾ ਹੋਵੇ। ਉਹ ਕੁਝ ਗੱਲਾਂ ਕਹਿ ਗਏ ਹਨ, ਕੁਝ ਗੱਲਾਂ ਬੋਲ ਗਏ ਹਨ, ਪਰ ਉਨ੍ਹਾਂ ਗੱਲਾਂ ਦਾ ਜਵਾਬ ਸੁਣਨ ਦੀ ਉਨ੍ਹਾਂ ਦੀ ਜੁਰਅੱਤ ਨਹੀਂ ਸੀ. ਇਸ ਲਈ ਸ਼ਾਇਦ ਉਨ੍ਹਾਂ ਨੇ ਅੱਜ ਬਾਈਕਾਟ ਦਾ ਬਹਾਨਾ ਬਣਾਇਆ ਹੈ। ਬਾਈਕਾਟ ਜ਼ਰੂਰ ਹੁੰਦੇ ਹਨ ਲੇਕਿਨ ਉਹ ਥੋੜ੍ਹੇ ਸਮੇਂ ਲਈ ਹੁੰਦੇ ਹਨ। ਕੁਝ ਗੱਲਾਂ ਖੁਲ੍ਹ ਕੇ ਸਦਨ ਵਿਚ ਆਖਣ ਦੀ ਇਜਾਜ਼ਤ ਹੈ, ਕੁਝ ਗੱਲਾਂ ਉਹ ਕਹਿ ਗਏ ਹਨ ਪਰ ਉਨ੍ਹਾਂ ਦਾ ਜਵਾਬ ਮਿਲਣ ਵੇਲੇ ਉਨ੍ਹਾਂ ਵਿਚ ਇਤਨੀ ਜੁਰਅੱਤ ਹੀ ਨਹੀਂ ਸੀ, ਇਤਨੀ ਤਾਕਤ ਹੀ ਨਹੀਂ ਸੀ ਕਿ ਉਹ ਉਨ੍ਹਾਂ ਦਾ ਜਵਾਬ ਸੁਣ ਸਕਦੇ, ਇਸ ਕਰਕੇ ਉਹ ਚਲੇ ਗਏ ਹਨ। ਪਰ ਇਕ ਗੱਲ ਬਹੁਤ ਵਧੀਆ ਹੋਈ ਹੈ, ਉਹ ਇਹ ਕਿ ਸਿਵਾਏ ਕੁਝ ਇਕ ਮੈਂਬਰਾਂ ਤੋਂ ਵਿਰੋਧੀ ਧਿਰ ਦੇ ਮੈਂਬਰਾਂ ਨੇ ਗਵਰਨਰ ਸਾਹਿਬ ਦੇ ਐਡਰੈਸ ਦਾ ਸਵਾਗਤ ਕੀਤਾ ਹੈ। ਮਿਸਿਜ਼ ਬਰਾੜ, ਜੋ ਵਿਰੋਧੀ ਧਿਰ ਦੇ ਲੀਡਰ ਹਨ, ਹਾਊਸ ਵਿਚ ਉਨ੍ਹਾਂ ਨੇ ਬੋਲਦਿਆਂ ਸਮੁੱਚੇ ਤੌਰ ਤੇ ਗਵਰਨਰ ਸਾਹਿਬ ਦੇ ਭਾਸ਼ਣ ਦਾ ਸਵਾਗਤ ਕੀਤਾ ਹੈ। ਇਕ ਇਕ ਪੈਰ੍ਹੇ ਤੇ ਬੋਲਦਿਆਂ ਉਨ੍ਹਾਂ ਨੇ ਇਸ ਦਾ ਸਵਾਗਵ ਕੀਤਾ। ਸਿਵਾਏ ਇਕ ਗੱਲ ਦੇ 'ਲਾਅ ਐਂਡ ਆਰਡਰ ਦੀ ਹਾਲਤ ਠੀਕ ਨਹੀਂ ਹੈ', ਬਾਕੀ ਸਾਰੀਆਂ ਗੱਲਾਂ ਕਿਹਾ ਹੈ ਕਿ ਠੀਕ ਹਨ।

ਜਦੋਂ ਇਹ ਸਰਕਾਰ ਬਣੀ ਸੀ ਤਾਂ ਇਸ ਦੇ ਸਾਹਮਣੇ ਕੁਝ ਜ਼ਰੂਰੀ ਗੱਲਾਂ ਸਨ ਜੋ ਕਰਨ ਵਾਲੀਆਂ

## ਫ਼ੁਟਨੋਟ ਤੇ ਹਵਾਲੇ–

੧. ਪੂਹਲਾ ਪਿੰਡ ਦੇ ਨਿਵਾਸੀ ਸ: ਕੁੰਦਨ ਸਿੰਘ ਪਾਸ ਦਾਸ ਨੇ ਇਕ ਪੁਰਾਣੀ ਵਹੀ ਵੇਖੀ ਸੀ। ਇਸ ਪਿੰਡ ਦਾ ਵਡੇਰਾ ਪੂਹਲਾ ਹੋਇਆ ਹੈ ਤੇ ਪਿਛੋਂ ਇਹ ਵੀ ਸਿਰਹਾਲੀਓਂ ਹੀ ਉਠ ਕੇ ਆਏ ਹਨ। ਇਹ ਵਹੀ ਕਿਸੇ ਚੱਜ ਨਾਲ ਨਹੀਂ ਲਿਖੀ ਹੋਈ। ਭਾਈ ਜੀ ਦੇ ਖ਼ਾਨਦਾਨੀ ਸ਼ਜਰੇ ਦਾ ਸਿਲਸਿਲਾ ਤੀਜੀ ਪੀੜ੍ਹੀ ਤੋਂ ਅੱਗੇ ਨਹੀਂ ਲਿਖਿਆ। ਇਕ ਥਾਂ ਇਨ੍ਹਾਂ ਦੇ ਬਾਪ ਦਾ ਨਾਂ ਫੂਲ ਲਿਖਿਆ, ਇਕ ਥਾਂ ਦੂਲ ਲਿਖਿਆ ਹੈ। ਜ਼ਬਾਨੀ ਉਨ੍ਹਾਂ ਅਤੇ ਇਕ ਹੋਰ ਬਜ਼ੁਰਗ ਨੇ ਦਸਿਆ ਸੀ ਕਿ ਉਨ੍ਹਾਂ ਦੇ ਬਾਪ ਦਾ ਨਾਉਂ ਜੋਧ ਸਿੰਘ ਸੀ ਤੇ ਉਹ ਖਿਦਰਾਣੇ ਦੀ ਢਾਬ (ਮੁਕਤਸਰ ਸਾਹਿਬ) ਵਾਲੀ ਜੰਗ ਵਿਚ ੪੦ ਮੁਕਤਿਆਂ ਸੰਗ ਸ਼ਹੀਦ ਹੋਏ ਸਨ। ਪਰ ਇਸ ਗੱਲ ਦਾ ਵੇਰਵਾ ਵਹੀ ਵਿਚ ਨਹੀਂ ਮਿਲਿਆ। ਇਹ ਉਨ੍ਹਾਂ ਦੀ ਜ਼ਬਾਨੀ ਦਸੀ ਹੋਈ ਗੱਲ ਹੈ। ਮੈਂ ਪੂਹਲਾ, ਸਿੰਘਪੁਰਾ ਤੇ ਭਿਖੀਵਿੰਡ ਦੇ ਸਾਂਹਸੀ ਸਜਣਾਂ ਨਾਲ ਮਿਲਾਪ ਨਹੀਂ ਕਰ ਸਕਿਆ। ਨਵੰਬਰ ਦਸੰਬਰ ੧੯੮੪ ਦੇ ਦੌਰਾਨ ਇਨ੍ਹਾਂ ਨੂੰ ਮਿਲਣ ਦਾ ਯਤਨ ਕੀਤਾ, ਪਰ ਇਹ ਦੋਵੇਂ ਸੱਜਣ ਨਹੀਂ ਮਿਲੇ। ਮੇਰੀ ਕੋਸ਼ਿਸ਼ ਅਜੇ ਜਾਰੀ ਹੈ। ਇਨ੍ਹਾਂ ਤੱਥਾਂ ਦੀ ਪੁਸ਼ਟੀ ਵਿਚ ਜੇ ਕੋਈ ਤਸੱਲੀ-ਬਖਸ਼ ਸਬੂਤ ਮਿਲ ਗਿਆ ਤਾਂ ਮੈਂ ਉਹ ਵੀ ਆਪਣੇ ਸਤਿਕਾਰ ਯੋਗ ਪਾਠਕਾਂ ਨਾਲ ਸਾਂਝਾ ਕਰਨ ਦਾ ਮਾਣ ਪ੍ਰਾਪਤ ਕਰਾਂਗਾ।

[ਸਵਰਨ ਸਿੰਘ]



www.AKJ.Org

ਸਨ। ਸਭ ਤੋਂ ਵੱਡੀ ਗੱਲ ਇਸ ਸਰਕਾਰ ਦੇ ਸਾਹਮਣੇ ਇਹ ਸੀ ਕਿ ਪੰਜਾਬ ਦੇ ਅੰਦਰ ਅਮਨ ਕਾਇਮ ਕੀਤਾ ਜਾਵੇ ਅਤੇ ਸਦਭਾਵਨਾ ਕਾਇਮ ਕਰਨੀ ਹੈ। ਨਾਲ ਹੀ ਇਹ ਗੱਲ ਵੀ ਸੀ ਕਿ ਹਜ਼ਾਰਾਂ ਦੀ ਤਾਦਾਦ ਵਿਚ ਜੋ ਨੌਜਵਾਨ ਜੇਲ੍ਹਾਂ ਵਿਚ ਸਨ, ਉਨ੍ਹਾਂ ਨੂੰ ਛੱਡਣ ਦਾ ਸਵਾਲ ਸੀ। ਹਜ਼ਾਰਾਂ ਲੋਕੀਂ ਪੰਜਾਬ ਤੋਂ ਬਾਹਰੋਂ ਇਥੇ ਆਏ, ਉਨ੍ਹਾਂ ਨੂੰ (ਰੀਹੈਬਲੀਟੇਟ) ਮੁੜ ਵਸਾਉਣ ਦੀ ਵੀ ਗੱਲ ਸੀ। ਫਿਰ ਬਹੁਤ ਸਾਰੇ ਫ਼ੌਜੀ ਭਰਾ ਜੋ ਆਪਣੀਆਂ ਬੈਰਕਾਂ ਛੱਡ ਗਏ ਸਨ, ਜਿਨ੍ਹਾਂ ਨੂੰ ਜੇਲ੍ਹਾਂ ਵਿਚ ਰਖਿਆ ਹੈ ਅਤੇ ਬਹੁਤ ਸਾਰੇ ਮਾਰੇ ਜਾ ਚੁਕੇ ਹਨ, ਉਨ੍ਹਾਂ ਦੇ ਵਾਸਤੇ ਵੀ ਕੁਝ ਕਰਨਾ ਸੀ। ਇਹ ਬਹੁਤ ਸਾਰੀਆਂ ਗੱਲਾਂ ਸਨ ਜੋ ਇਸ ਸਰਕਾਰ ਦੇ ਸਾਹਮਣੇ ਸਨ। ਆਮ ਤੌਰ ਉਤੇ ਹੋਰ ਜੋ ਸਰਕਾਰਾਂ ਇਥੇ ਬਣਦੀਆਂ ਰਹੀਆਂ, ਉਨ੍ਹਾਂ ਦੇ ਸਾਹਮਣੇ ਇਸ ਕਿਸਮ ਦੇ ਸਵਾਲ ਨਹੀਂ ਸੀ ਆਉਂਦੇ ਰਹੇ। ਪਹਿਲਾਂ ਸਰਕਾਰ ਬਣਦਿਆਂ ਹੀ ਇਸ ਸਰਕਾਰ ਨੇ ਨੌਜਵਾਨਾਂ ਦੀ ਰਿਹਾਈ ਵਲ ਆਪਣਾ ਧਿਆਨ ਦਿਤਾ। ਇਕ ਕਮੇਟੀ ਨਿਯੁਕਤ ਕੀਤੀ ਗਈ, ਉਹ ਕਮੇਟੀ ਜਿਸ ਦੇ ਪ੍ਰਧਾਨ ਰਿਟਾਇਡ ਜੱਜ, ਹਾਈ ਕੋਰਟ ਸਨ ਔਰ ਉਸ ਦੇ ਦੂਸਰੇ ਮੈਂਬਰ ਵੀ ਜੋ ਲਏ ਗਏ, ਇਹ ਨਹੀਂ ਕਿ ਕਿਸੇ ਇਕ ਧਰਮ ਦੇ ਲਏ ਗਏ ਉਹ ਵਖ ਵਖ ਪੱਖਾਂ ਦੇ ਮੈਂਬਰ ਲਏ ਗਏ। ਉਸ ਕਮੇਟੀ ਦੇ ਵਿਚ ਹਿੰਦੂ ਵੀ ਮੈਂਬਰ ਸਨ, ਸਿੱਖ ਵੀ ਮੈਂਬਰ ਸਨ ਅਤੇ ਦੂਸਰੇ ਹੋਰ ਵੀ ਮੈਂਬਰ ਸਨ ਔਰ ਫਿਰ ਉਸ ਕਮੇਟੀ ਦੇ ਵਿਚ ਜੋ ਮੈਂਬਰ ਸਨ ਉਹ ਉਹ ਮੈਂਬਰ ਸਨ ਜੋ ਆਪਣੇ ਆਪਣੇ ਅਧਿਕਾਰ ਖੇਤਰ ਵਿਚ ਮੁੱਖੀ ਸਨ। ਉਸ ਕਮੇਟੀ ਨੇ ਆਪਣੀਆਂ ਤਜਵੀਜ਼ਾਂ ਦਿਤੀਆਂ। ਉਨ੍ਹਾਂ ਦੀਆਂ ਤਜਵੀਜ਼ਾਂ ਤੇ ੨੧੯੨ ਨੌਜਵਾਨਾਂ ਨੂੰ ਰਿਹਾਅ ਕੀਤਾ ਗਿਆ। ਕੁਝ ਰਿਹਾਈਆਂ ਬਾਕੀ ਹਨ, ਉਨ੍ਹਾਂ ਤੇ ਘੋਖ ਹੋ ਰਹੀ ਹੈ। ਤੁਸੀਂ ਜਾਣਦੇ ਹੀ ਹੋ ਕਿ ਇਨ੍ਹਾਂ ਰਿਹਾਈਆਂ ਤੇ ਇਤਰਾਜ਼ ਹੋਣ ਲਗ ਪਿਆ। ਸਾਹਮਣੇ ਬੈਠੀ ਵਿਰੋਧੀ ਧਿਰ ਵਲੋਂ ਅਤੇ ਪੰਜਾਬ ਦੇ ਅੰਦਰ ਵੀ ਅਤੇ ਬਾਹਰ ਵੀ ਇਸ ਗੱਲ ਤੇ ਇਤਰਾਜ਼ ਹੋਣ ਲਗ ਪਿਆ ਕਿ ਬਹੁਤ ਜ਼ਿਆਦਾ ਰਿਹਾਈਆਂ ਕਰ ਦਿਤੀਆਂ ਗਈਆਂ ਹਨ। ਇਥੋਂ ਤਕ ਵੀ ਕਿਹਾ ਗਿਆ ਕਿ ਪੰਜਾਬ ਦੇ ਹਾਲਾਤ ਮਾੜੇ ਸ਼ਾਇਦ ਇਸ ਕਰਕੇ ਹੋ ਰਹੇ ਹਨ ਕਿ ਬਹੁਤ ਰਿਹਾਈਆਂ ਹੋ ਰਹੀਆਂ ਹਨ। ਮੈਂ ਵਾਰ ਵਾਰ ਦਸਦਾ ਰਿਹਾ ਕਿ ਜੋ ਨੌਜਵਾਨ ਰਿਹਾਅ ਕੀਤੇ ਜਾ ਰਹੇ ਹਨ, ਜੋ ਨੌਜਵਾਨ ਰਿਹਾਅ ਕੀਤੇ ਗਏ ਹਨ, ਉਨ੍ਹਾਂ ਵਿਅਕਤੀਆਂ ਵਿਚ ਕੋਈ ਐਸਾ ਵਿਅਕਤੀ ਨਹੀਂ ਹੈ। ਸਾਡੇ ਰਿਕਾਰਡ ਵਿਚ ਕੋਈ ਐਸੀ ਗੱਲ ਨਹੀਂ ਆਈ ਕਿ ਕਿਸੇ ਅਜਿਹੇ ਵਿਅਕਤੀ ਵਲੋਂ ਕੁਝ ਕੀਤਾ ਗਿਆ ਹੋਵੇ। ਇਕ ਕੇਸ ਸਾਡੇ ਨੋਟਿਸ ਵਿਚ ਆਇਆ ਹੈ ਕਿ ਇਕ ਨੌਜਵਾਨ ਜੋ ਰਿਹਾਅ ਕੀਤਾ ਗਿਆ ਸੀ, ਉਹ ਉਨ੍ਹਾਂ ਨੂੰ ਸ਼ਹਿ ਦੇ ਰਿਹਾ ਹੈ। ਨਾ ਸਿਰਫ਼ ਨੌਜਵਾਨਾਂ ਨੂੰ ਰਿਹਾਅ ਕੀਤਾ ਹੈ, ਇਹ ਵੀ ਪ੍ਰੋਗਰਾਮ ਬਣਾਇਆ ਹੈ ਕਿ ਉਨ੍ਹਾਂ ਨੂੰ ਕੰਮ ਦਿਤਾ ਜਾਵੇ। ਉਨ੍ਹਾਂ ਦੀਆਂ ਦਰਖਾਸਤਾਂ ਲਈਆਂ ਹਨ, ਉਨ੍ਹਾਂ ਦਰਖਾਸਤਾਂ ਨੂੰ ਵਿਚਾਰ ਕੇ, ਘੋਖ ਕੇ ਜ਼ਿਲਾ ਕਮੇਟੀਆਂ ਨੇ ਸਿਫਾਰਸ਼ਾਂ ਕਰਕੇ ਦਰਖਾਸਤਾਂ ਭੇਜੀਆਂ ਹਨ। ਉਨ੍ਹਾਂ ਤੇ ਅਮਲ ਸ਼ੁਰੂ ਹੋਣਗੇ ਅਤੇ ਉਨ੍ਹਾਂ ਨੂੰ ਕੰਮ ਮਿਲੇਗਾ ਅਤੇ ਕੋਈ ਇਸ ਤਰ੍ਹਾਂ ਦਾ ਵੀ ਪ੍ਰੋਗਰਾਮ ਹੈ ਕਿ ਉਨ੍ਹਾਂ ਨੌਜਵਾਨਾਂ ਨੂੰ ਮਿੰਨੀ ਬੱਸਾਂ ਦੇ ਪਰਮਿਟ ਵੀ ਦਿਤੇ ਜਾਣ।

ਜਿਥੋਂ ਤਕ ਉਜੜੇ ਪਰਿਵਾਰਾਂ ਦੇ ਮੁਖ ਵਸੇਬੇ ਦਾ ਤੁਅੱਲਕ ਸੀ, ਇਹ ਲੋਕ ਪੰਜਾਬ ਵਿਚ ਆਏ। ਘਰ ਬਾਰ ਛੱਡ ਕੇ ਆਏ ਸੀ, ਉਨ੍ਹਾਂ ਦੇ ਘਰ ਬਾਰ ਫੂਕ ਦਿਤੇ ਗਏ ਸਨ। ਇਹ ਬਹੁਤ ਤਾਦਾਦ ਵਿਚ ਆਏ। ਉਹ ਇਕ ਇਕ ਦੋ ਦੋ ਪੁਸ਼ਤਾਂ ਤੋਂ ਉਥੇ ਵਸੇ ਹੋਏ ਸਨ, ਉਹ ਪੰਜਾਬ ਵਲ ਤੁਰ ਪਏ। ਸਪੀਕਰ ਸਾਹਿਬ, ਜਿਹੜੇ ਪੰਜਾਬ ਤੋਂ ਬਾਹਰ ਵਸੇ ਹੋਏ ਹਨ, ਉਹ ਪੰਜਾਬ ਨੂੰ ਪੇਕਾ ਸਮਝਦੇ ਹਨ। ਜਦੋਂ ਕੋਈ ਦੁਖ ਤਕਲੀਫ ਹੁੰਦੀ ਹੈ ਤਾਂ ਉਹ ਆਪਣੇ ਪੇਕੇ ਪੰਜਾਬ ਵਿਚ ਆ ਕੇ ਸਹਾਰਾ ਲੈਂਦੇ ਹਨ। ਪਰ ਜਦੋਂ ਉਹ ਸ਼ੁਰੂ ਵਿਚ ਆਏ ਤਾਂ ਉਨ੍ਹਾਂ ਨੂੰ ਕਿਸ ਨੇ ਕੋਈ ਸਹਾਰਾ ਨਾ ਦਿਤਾ। ਅਸੀਂ ਤਾਂ ਜੇਲ੍ਹ ਵਿਚ ਬੈਠੇ ਸਾਂ, ਅਖ਼ਬਾਰਾਂ ਵਿਚ ਪੜ੍ਹਦੇ ਸੀ। ਕੋਸ਼ਿਸ਼ ਕੀਤੀ ਗਈ ਕਿ ਉਹ ਵਾਪਸ ਚਲੇ ਜਾਣ। ਇਸ ਦੇ ਲਈ ਇਥੇ ਸੈਂਟਰ ਤੋਂ ਸੈਕਟਰੀ ਆਏ, ਮੰਤਰੀ ਵੀ ਆਏ ਔਰ ਕਿਹਾ ਵੀ ਤੁਹਾਡਾ ਹਰ ਤਰ੍ਹਾਂ ਨਾਲ ਖਿਆਲ ਰੱਖਾਂਗੇ ਅਤੇ ਤੁਹਾਡੀ ਦੇਖ ਭਾਲ ਕਰਾਂਗੇ। ਕੁਝ ਨੂੰ ਉਹ ਲੈ ਗਏ, ਬਹੁਤ ਸਾਰੇ ਇਥੇ ਰਹਿ ਗਏ। ਪਹਿਲੀ ਸਰਕਾਰ ਨੇ ਉਨ੍ਹਾਂ ਦੀ ਕੋਈ ਸਾਰ ਨਾ ਲਈ। ਪੰਜਾਬ ਦੇ ਲੋਕਾਂ ਦੀ ਸਰਕਾਰ ਆਈ, ਉਨ੍ਹਾਂ ਨੇ ਕੁਝ ਸਾਰ ਲਈ। ਇਸ ਸਬੰਧ ਵਿਚ ਕਰੋੜਾਂ ਰੁਪਿਆਂ ਦੀਆਂ ਸਕੀਮਾਂ ਜੋ ਪੰਜਾਬ ਸਰਕਾਰ ਨੇ ਲਾਗੂ ਕੀਤੀਆਂ ਹਨ, ਉਨ੍ਹਾਂ ਤੋਂ



www.AKJ.Org

ਸਭ ਜਾਣੂੰ ਹੀ ਹੈਨ ।

ਹੁਣ ਅਸੀਂ ਯਤਨ ਕੀਤਾ ਹੈ ਕਿ ਜਿਹੜੇ ਸਾਡੇ ਦਿੱਲੀ ਵਿਚ ਪਾਰਲੀਮੈਂਟ ਦੇ ਮੈਂਬਰ ਸਾਹਿਬਾਨ ਹਨ, ਉਹ ਉਨ੍ਹਾਂ ਲਈ ਉਥੇ ਕੋਸ਼ਿਸ਼ ਕਰ ਰਹੇ ਹਨ ਤਾਂ ਕਿ ਕਿਸੇ ਤਰ੍ਹਾਂ ਇਨ੍ਹਾਂ ਨੂੰ ਰਾਹਤ ਮਿਲ ਸਕੇ । ਉਨ੍ਹਾਂ ਦੇ ਆਪਣੇ ਦੋ ਦੋ ਲੱਖ ਦੇ ਚਾਰ ਚਾਰ ਲੱਖ ਦੇ ਮਕਾਨ ਹਨ, ਜਿਨ੍ਹਾਂ ਦੇ ਕੋਈ ਚਾਰ ਆਨੇ ਦੇਣ ਤਕ ਲਈ ਤਿਆਰ ਨਹੀਂ । ਇਸ ਤਰ੍ਹਾਂ ਲੱਗਦਾ ਹੈ ਕਿ ਉਨ੍ਹਾਂ ਨੂੰ ਜ਼ਬਤ ਕਰਕੇ ਸਰਕਾਰ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੀ ਹੈ । (ਵਿਡੋਜ਼) ਵਿਧਵਾਵਾਂ ਦੋ ਸੌ ਦੇ ਕਰੀਬ ਦਿੱਲੀ ਵਿਚ ਹਨ, ਜਿਨ੍ਹਾਂ ਨੂੰ ਕੁਝ ਨਹੀਂ ਦਿੱਤਾ ਔਰ ਕੁਝ ਮਿਲਣਾ ਵੀ ਨਹੀਂ । ਜਿਹੜੀਆਂ ਸਾਡੇ ਕੋਲ ਆ ਗਈਆਂ, ਉਹ ਸੱਤ ਸੌ ਦੇ ਕਰੀਬ ਹਨ, ਉਹ ਰਜਿਸਟਰਡ ਹੋ ਗਈਆਂ । ਅਸੀਂ ਉਨ੍ਹਾਂ ਲਈ ਸਿਖਲਾਈ ਕੇਂਦਰ ਖੋਲ੍ਹ ਦਿੱਤੇ, ਤਾਂ ਕਿ ਉਹ ਸਿਖਲਾਈ ਸਿੱਖ ਕੇ ਆਪਣਾ ਕੁਝ ਗੁਜ਼ਾਰਾ ਕਰ ਸਕਣ । ਉਨ੍ਹਾਂ ਨੂੰ ੨੫੦ ਰੁਪਏ ਬਤੌਰ ਵਜ਼ੀਫੇ ਦਿਤੇ ਜਾ ਰਹੇ ਹਨ, ਜਦ ਤਕ ਉਹ ਸਿਖਲਾਈ ਲੈ ਕੇ ਆਪਣਾ ਧੰਦਾ ਕਰ ਸਕਣਗੀਆਂ । ਲੇਕਿਨ ਸਭ ਤੋਂ ਜ਼ਿਆਦਾ ਜਿਹੜਾ ਅਸੀਂ ਸਮਝਦੇ ਹਾਂ, ਉਨ੍ਹਾਂ ਦੀ ਰਿਹਾਇਸ਼ ਦੀ ਗੱਲ ਹੈ । ਉਨ੍ਹਾਂ ਨੂੰ ਰਿਹਾਇਸ਼ੀ ਮਕਾਨ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ । ਵਿਧਵਾਵਾਂ ਨੂੰ ਐਲ. ਆਈ. ਜੀ. ਮਕਾਨ ਮੁਫ਼ਤ ਦਿੱਤੇ ਜਾਣ, ਇਹ ਸਮਝ ਕੇ ਕਿ ਮਕਾਨ ਬਿਨਾਂ ਗੱਲ ਨਹੀਂ ਬਣਦੀ । ਫਿਰ ਵੇਖਿਆ ਕਿ ਇਥੇ ਕਦੇ ਕਿਸੇ ਦੀ ਸਰਕਾਰ ਹੋਵੇਗੀ ਅਤੇ ਕਦੇ ਕਿਸੇ ਦੀ, ਔਰ ਉਨ੍ਹਾਂ ਨੂੰ ਕਿਥੋਂ ਵਜ਼ੀਫੇ ਦਿਤੇ ਜਾਣਗੇ, ਇਸ ਦੇ ਲਈ ਅਸੀਂ ੫੦ ਲੱਖ ਰੁਪਏ ਦਾ ਫੰਡ ਬਣਾ ਦਿੱਤਾ ਹੈ । ਇਹ ਵਜ਼ੀਫੇ ਉਸ ਦੇ ਵਿਆਜ ਵਿਚੋਂ ਦਿੱਤੇ ਜਾਣਗੇ ਅਤੇ ਜੇ ਲੋੜ ਪਈ ਤਾਂ ਇਹ ਹੋਰ ਵਧਾ ਦਿਆਂਗੇ ।

ਇਸ ਦੇ ਨਾਲ ਹੀ ਕੁਝ ਹੋਰ ਮਸਲੇ ਸਨ । ਫ਼ੌਜੀਆਂ ਦਾ ਬੜਾ ਗੰਭੀਰ ਮਸਲਾ ਸੀ ! ਉਹ ਮਸਲਾ ਜਿਸ ਤੇ ਲੋਕਾਂ ਦੀਆਂ ਅੱਖਾਂ ਲੱਗੀਆਂ ਹੋਈਆਂ ਸਨ । ਬਲਿਊ ਸਟਾਰ ਅਪਰੇਸ਼ਨ ਨੂੰ ਮੁੱਖ ਰਖ ਕੇ ਸੈਂਟੀਮੈਂਟਲ ਹੋ ਕੇ ਕੁਝ ਫ਼ੌਜੀਆਂ ਨੇ ਬੈਰਕਾਂ ਛੱਡ ਦਿੱਤੀਆਂ ਸਨ ਅਤੇ ਅੰਮ੍ਰਿਤਸਰ ਵੱਲ ਤੁਰ ਪਏ ਸਨ । ਉਸ ਨੂੰ ਬਗ਼ਾਵਤ ਨਹੀਂ ਕਿਹਾ ਜਾ ਸਕਦਾ ।

ਉਨ੍ਹਾਂ ਨੇ ਕਿਸੇ ਤੇ ਕੋਈ ਹਮਲਾ ਨਹੀਂ ਕੀਤਾ, ਕਿਸੇ ਨੂੰ ਮਾਰਿਆ ਨਹੀਂ, ਕਿਸੇ ਦੇ ਡਾਕਾ ਨਹੀਂ ਮਾਰਿਆ । ਉਹ ਭਾਵਕ ਹੋ ਕੇ ਆਪਣੀਆਂ ਬੈਰਕਾਂ ਛੱਡ ਆਏ । ਕਈ ਥਾਵਾਂ ਤੇ ਉਨ੍ਹਾਂ ਦਾ ਮੁਕਾਬਲਾ ਹੋ ਗਿਆ, ਕੋਈ ੭੦ ਦੇ ਕਰੀਬ ਮਾਰੇ ਗਏ ਅਤੇ ੩੦ ਦੇ ਕਰੀਬ ਲਾਪਤਾ ਹਨ । ਇਸ ਤਰ੍ਹਾਂ ਦੇ ਹਾਲਾਤ ਹੋ ਗਏ ਸਨ । ਕਈਆਂ ਨੂੰ ਜੇਲ੍ਹ ਹੋ ਗਈ ਸੀ, ਕਈਆਂ ਨੂੰ ਸਜ਼ਾਵਾਂ ਹੋ ਰਹੀਆਂ ਸਨ । ਇਸ ਬਾਰੇ ਸੰਤ ਹੋਰਾਂ ਨੇ ਆਪ ਗੱਲ ਉਸ ਵੇਲੇ ਚੁੱਕੀ ਤੇ ਕਿਹਾ ਕਿ ਜਿਨ੍ਹਾਂ ਨੂੰ ਸਜ਼ਾਵਾਂ ਹੋ ਚੁੱਕੀਆਂ ਹਨ ਉਨ੍ਹਾਂ ਨੂੰ ਰਿਆਇਤ ਕੀਤੀ ਜਾਵੇ, ਜਿਨ੍ਹਾਂ ਦੇ ਕੇਸ ਚਲਦੇ ਹਨ ਉਨ੍ਹਾਂ ਨੂੰ ਕਾਫ਼ੀ ਰਿਆਇਤ ਦਿੱਤੀ ਜਾਵੇ, ਕਿਉਂਕਿ ਉਨ੍ਹਾਂ ਨੇ ਧਰਮ ਦੇ ਪ੍ਰਤੀ ਸੈਂਟੀਮੈਂਟਲ ਹੋ ਕੇ ਇਹ ਗੱਲ ਕੀਤੀ ਹੈ, ਕੋਈ ਬਗਾਵਤ ਤਾਂ ਕੀਤੀ ਨਹੀਂ । ਉਨ੍ਹਾਂ ਫੈਸਲਿਆਂ ਮੁਤਾਬਿਕ ਬਹੁਤ ਵੱਡੀ ਤਾਦਾਦ ਵਿਚ ਵਾਪਸ ਨੌਕਰੀਆਂ ਵਿਚ ਲੈ ਲਏ ਗਏ । ਮੈਨੂੰ ਅੰਕੜੇ ਮਿਲੇ ਹਨ, ਮੈਂ ਸਮਝਦਾ ਹਾਂ ਕਿ ਕਾਫੀ ਹੱਦ ਤਕ ਠੀਕ ਹੋਣਗੇ, ਕਿਉਂਕਿ ਫ਼ੌਜੀ ਯੂਨਿਟਾਂ ਵਿਚ ਬੰਦੇ ਭੇਜੇ, ਸਿਕੰਦਰਾਬਾਦ, ਹੈਦਰਾਬਾਦ ਅਤੇ ਆਸਾਮ ਵਿਚ ਵੀ ਅਸੀਂ ਆਪਣੇ ਅਫਸਰ ਭੇਜੇ, ਪੜਤਾਲ ਕੀਤੀ ਗਈ । ਕੋਈ ੨੭੬੫ ਜਾਂ ੨੭੭੭ ਦੇ ਕਰੀਬ ਫ਼ੌਜੀ ਸਨ, ਜਿਹੜੇ ਇਨਵਾਲਵਡ ਸਨ । ਉਨ੍ਹਾਂ ਵਿਚੋਂ ੨੧ ਜਾਂ ੨੨ ਸੌ ਕਰੀਬ ਮੁੜ ਨੌਕਰੀਆਂ ਵਿਚ ਬਹਾਲ ਹੋ ਚੁਕੇ ਹਨ । ਅੱਜ ਤਕ ਫੌਜ ਦੇ ਇਤਿਹਾਸ ਵਿਚ ਐਸੀ ਗੱਲ ਨਹੀਂ ਹੋਈ । ਮੈਨੂੰ ਕਾਫੀ ਫ਼ੌਜੀ ਜਰਨੈਲ ਮਿਲਦੇ ਰਹਿੰਦੇ ਹਨ, ਉਹ ਕਹਿੰਦੇ ਹਨ ਕਿ ਇਹ ਇਕ ਅਨੋਖੀ ਗੱਲ ਹੋਈ ਹੈ । ਇਹ ਇਕ ਚੁਨੌਤੀ ਸੀ, ਜਿਸ ਨੂੰ ਅਸੀਂ ਫੇਸ ਕਰਨ ਵਿਚ ਕਾਮਯਾਬ ਹੋਏ ਹਾਂ । ਜੇ ਕਿਤੇ ਥੋੜ੍ਹੀ ਬਹੁਤ ਕਮੀ ਰਹਿ ਗਈ ਹੈ ਤਾਂ ਇਸ ਨੂੰ ਛੇਤੀ ਪੂਰਾ ਕਰਨ ਦਾ ਯਤਨ ਕਰਾਂਗੇ ।

ਹੁਣ ਮੈਂ ਲਾਅ ਐਂਡ ਆਰਡਰ ਦੀ ਗੱਲ ਕਰਦਾ ਹਾਂ । ਇਹ ਲਾਅ ਐਂਡ ਆਰਡਰ ਦੀ ਸਮਝਿਆ ਕਿਉਂ ਹੋ ਗਈ ਹੈ । ਇਸ ਦੀ ਕਾਫ਼ੀ ਵੱਡੀ ਬੈਕਗਰਾਊਂਡ ਹੈ । ਬੈਕਗਰਾਊਂਡ ਇਹ ਹੈ ਕਿ ਇਥੇ ਹਾਲਾਤ ਵਿਗੜੇ ਔਰ ਗਵਰਨਰੀ ਰਾਜ ਹੋ ਗਿਆ । ਉਸ ਤੋਂ ਬਾਅਦ ਅਪਰੇਸ਼ਨ ਬਲਿਊ ਸਟਾਰ ਹੋਇਆ । ਇਹ ਐਸਾ ਬੇਵਕੂਫਾਨਾ,



www.AKJ.Org

ਕਦਮ ਸੀ, ਔਰ ਮੈਂ ਸਮਝਦਾ ਹਾਂ ਕਿ ਇਕ ਐਸੀ ਘਿਨੌਣੀ ਗੱਲ ਸੀ ਜਿਸ ਨਾਲ ਇਤਨਾ ਵੱਡਾ ਨੁਕਸਾਨ ਹੋਇਆ। ਨਾ ਸਿਰਫ ਬੇਨੁਗਾਹ ਲੋਕ ਮਾਰੇ ਗਏ, ਨਾ ਸਿਰਫ਼ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਕੀਤੀ ਗਈ, ਬਲਕਿ ਸਾਰੇ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਕੀਤੀ ਗਈ, ਬਲਕਿ ਸਾਰੇ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਔਰ ਲੋਕਾਂ ਦੇ ਮਨਾਂ ਤੇ ਬਹੁਤ ਭਾਰੀ ਸੱਟ ਵੱਜੀ। ਸਿੱਖਾਂ ਦੇ ਮਨਾਂ ਤੇ ਵੀ ਸੱਟ ਵਜੀ। ਉਨ੍ਹਾਂ ਦਾ ਜੋ ਨੁਕਸਾਨ ਹੋਇਆ, ਉਸ ਦਾ ਅਸਰ ਸਾਰੇ ਸੰਸਾਰ ਵਿਚ ਸਿੱਖਾਂ ਤੇ ਪਿਆ। ਅੱਜ ਵੀ ਜਦੋਂ ਕਦੇ ਵੀ ਗੱਲ ਚਲਦੀ ਹੈ ਤਾਂ ਉਹ ਗੱਲ ਦਿਮਾਗ ਵਿਚ ਆ ਜਾਂਦੀ ਹੈ ਔਰ ਉਹ ਸਾਰੀਆਂ ਗੱਲਾਂ ਮਨ ਵਿਚ ਦੁਬਾਰਾ ਆ ਜਾਂਦੀਆਂ ਹਨ। ਜਿਨ੍ਹਾਂ ਨੇ ਅਕਾਲ ਤਖਤ ਦੀ ਮੁਰੰਮਤ ਹੋਣ ਤੋਂ ਪਹਿਲਾਂ ਦਰਸ਼ਨ ਕੀਤੇ ਹਨ, ਉਥੇ ਤਸਵੀਰਾਂ ਵੇਖੀਆਂ ਹਨ, ਉਹ ਉਨ੍ਹਾਂ ਦੇ ਮਨਾਂ ਨੂੰ ਕੰਬਾ ਦੇਂਦੀਆਂ ਹਨ। ਉਹ ਐਸੇ ਹਾਲਾਤ ਸਨ।

ਇਸ ਤੋਂ ਇਲਾਵਾ ਨਵੰਬਰ ਦੇ ਦੰਗੇ ਆ ਗਏ। ਇਸ ਨੇ ਹਾਲਾਤ ਹੋਰ ਵਿਗਾੜ ਦਿੱਤੇ। ਇਤਨਾ ਭਾਰੀ ਫ਼ਸਾਦ ਹੋਇਆ ਕਿ ਇਤਿਹਾਸ ਵਿਚ ਸੁਣਨ ਵਿਚ ਨਹੀਂ ਆਇਆ ਹੋਣਾ। ੧੯੪੭ ਵਿਚ ਕਾਫ਼ੀ ਵੱਡੀ ਤਦਾਦ ਵਿਚ ਫ਼ਸਾਦ ਹੋਏ ਸਨ, ਪਰ ਜਿਸ ਬੇਰਹਿਮੀ ਨਾਲ ਇਥੇ ਸਭ ਕੁਝ ਹੋਇਆ ਉਹ ਸ਼ਾਇਦ ਹੀ ਕਦੇ ਹੋਇਆ ਹੋਵੇ। ਔਰਤਾਂ, ਬੁਢਿਆਂ ਨੂੰ, ਕਿਸੇ ਨੂੰ ਵੀ ਨਹੀਂ ਬਖਸ਼ਿਆ ਗਿਆ। ਘਰ ਦੇ ਸਾਰੇ ਦੇ ਸਾਰੇ ਜੀਅ ਮਾਰ ਦਿੱਤੇ ਗਏ। ਬੇਹਬੂਦੀ ਦਾ ਉਹ ਨਾਚ ਹਇਆ ਕਿ ਉਨ੍ਹਾਂ ਜ਼ਖਮਾਂ ਨੂੰ ਕਿੰਨਾ ਵੀ ਠੀਕ ਕਰੀਏ, ਪਰ ਉਹ ਠੀਕ ਹੋਣ ਤੇ ਨਹੀਂ ਆਉਂਦੇ। ਜ਼ਖਮਾਂ ਤੇ ਮਰ੍ਹਮ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ, ਪਰ ਸਾਨੂੰ ਤਾਂ ਨਜ਼ਰ ਨਹੀਂ ਆਉਂਦੇ ਉਹ ਜ਼ਖਮ ਠੀਕ ਹੁੰਦੇ। ਸੰਤ ਜੀ ਨੇ ਕੋਸ਼ਿਸ਼ ਕੀਤੀ ਸੀ ਜਦੋਂ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਨੇ ਇਸ ਦੀ ਜੁਡੀਸ਼ਲ ਇਨਕੁਆਰੀ ਦੀ ਮੰਗ ਕੀਤੀ ਸੀ ਤਾਂ ਕਿ ਮੁਕੱਦਮੇ ਚਲਣ ਔਰ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਨੂੰ ਇਹ ਮਹਿਸੂਸ ਹੋਏ ਕਿ ਉਹ ਵੀ ਦੇਸ਼ ਦੇ ਨਾਗਰਿਕ ਹਨ, ਉਨ੍ਹਾਂ ਦੀ ਵੀ ਕੋਈ ਗੱਲ ਸੁਣੀ ਜਾਂਦੀ ਹੈ। ਅਸੀਂ ਇਸ ਆਵਾਜ਼ ਨੂੰ ਬੁਲੰਦ ਕੀਤਾ ਕਿ ਇਸ ਹਾਲਾਤ ਦੀ ਇਨਕੁਆਰੀ ਹੋਣੀ ਚਾਹੀਦੀ ਹੈ। ਆਵਾਜ਼ ਸੁਣੀ ਗਈ ਔਰ ਇਨਕੁਆਰੀ ਦੇ ਆਰਡਰ ਦਿੱਲੀ ਨੇ ਕਰ ਦਿੱਤੇ। ਕਾਨਪੁਰ ਅਤੇ ਬੋਕਾਰੋ ਜੋ ਕੁਝ ਹੋਇਆ ਸੀ, ਉਸਨੂੰ ਛੱਡ ਦਿੱਤਾ ਗਿਆ। ਅਸੀਂ ਫਿਰ ਆਵਾਜ਼ ਚੁਕੀ ਕਿ ਕਾਨਪੁਰ ਅਤੇ ਬੋਕਾਰੋ ਨੂੰ ਇਨਕੁਆਰੀ ਵਿਚ ਸ਼ਾਮਲ ਕਰਨਾ ਚਾਹੀਦਾ ਹੈ ਤੇ ਇਸ ਤੋਂ ਬਾਅਦ ਕਾਨਪੁਰ ਅਤੇ ਬੋਕਾਰੋ ਦੀ ਇਨਕੁਆਰੀ ਦੇ ਵੀ ਆਰਡਰ ਹੋ ਗਏ। ਇਹ ਕਿਹਾ ਜਾਂਦਾ ਹੈ ਕਿ ਇਕੱਲੇ ਦਿੱਲੀ ਵਿਚ ਉਨ੍ਹਾਂ ਦੰਗਿਆਂ ਫਸਾਦਾਂ ਵਿਚ ੪੦੦੦ ਦੇ ਕਰੀਬ ਬੰਦੇ ਮਾਰੇ ਗਏ। ਇਸ ਤੋਂ ਤਦਾਦ ਜ਼ਿਆਦਾ ਵੀ ਹੋ ਸਕਦੀ ਹੈ। ੧੨ ਸੌ ਦੇ ਕਰੀਬ ਵਿਧਵਾਵਾਂ ਹਾਲੇ ਵੀ ਦਿੱਲੀ ਵਿਚ ਰਹਿ ਰਹੀਆਂ ਹਨ। ਕਈਆਂ ਨੇ ਸ਼ਾਦੀ ਵੀ ਕਰਵਾ ਲਈ ਹੈ। ਕਈ ਦਿੱਲੀ ਛੱਡ ਕੇ ਚਲੇ ਗਏ ਹਨ। ਇਸ ਵਿਚ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ। ਉਨ੍ਹਾਂ ਦਾ ਸਾਮਾਨ ਲੁਟਿਆ ਗਿਆ। ਸਾਨੂੰ ਪਤਾ ਲੱਗਾ ਹੈ ਕਿ ਉਸ ਵੇਲੇ ੧੨ ਸੌ ਦੇ ਕਰੀਬ ਬੰਦੇ ਗ੍ਰਿਫ਼ਤਾਰ ਵੀ ਕੀਤੇ ਗਏ, ਉਨ੍ਹਾਂ ਨੂੰ ਜੁਡੀਸ਼ਲ ਅਦਾਲਤ ਦੇ ਸਾਹਮਣੇ ਵੀ ਪੇਸ਼ ਕੀਤਾ ਗਿਆ।

ਐਸਾ ਵੀ ਕਿਹਾ ਗਿਆ ਸੀ ਕਿ ਦਿੱਲੀ ਵਿਚੋਂ ਸਾਢੇ ਚਾਰ ਕਰੋੜ ਰੁਪਏ ਦਾ ਮਾਲ ਪੁਲਸ ਨੇ ਬਰਾਮਦ ਵੀ ਕਰ ਲਿਆ ਹੈ ਅਤੇ ਥਾਣਿਆਂ ਵਿਚ ਮਾਲ ਪਹੁੰਚ ਵੀ ਗਿਆ ਹੈ ਅਤੇ ਇਸੇ ਤਰ੍ਹਾਂ ਇਹ ਵੀ ਪਤਾ ਲੱਗਾ ਸੀ ਕਿ ਕਾਨਪੁਰ ਵਿਚ ੧.੭੫ ਕਰੋੜ ਰੁਪਏ ਦਾ ਮਾਲ ਪੁਲਸ ਨੇ ਬਰਾਮਦ ਕਰ ਲਿਆ ਹੈ ਅਤੇ ਪੁਲਸ ਨੇ ਕੁਝ ਲੋਕਾਂ ਨੂੰ ਰੰਗੇ ਹੱਥੀਂ ਫੜਿਆ ਵੀ ਹੈ। ਇਸੇ ਤਰ੍ਹਾਂ ਗੱਲ ਇੰਦੌਰ ਵਿਚ ਚਲੀ ਸੀ। ਇਨ੍ਹਾਂ ਗੱਲਾਂ ਨੂੰ ਸੁਣ ਕੇ ਮੇਰੇ ਮਨ ਵਿਚ ਸ਼ਾਂਤੀ ਹੋਈ ਸੀ ਕਿ ਕੁਝ ਮਾਲ ਪੁਲਸ ਨੇ ਬਰਾਮਦ ਕਰ ਲਿਆ ਅਤੇ ਕੁਝ ਲੋਕ ਫੜੇ ਗਏ ਹਨ ਅਤੇ ਇਨ੍ਹਾਂ ਉਤੇ ਕੇਸ ਚਲਣਗੇ ਅਤੇ ਪਤਾ ਲੱਗ ਜਾਵੇਗਾ ਕਿ ਇਨ੍ਹਾਂ ਦੇ ਪਿੱਛੇ ਕੌਣ ਲੋਕ ਸਨ ਅਤੇ ਇਨ੍ਹਾਂ ਲੋਕਾਂ ਨੂੰ ਸਜ਼ਾਵਾਂ ਮਿਲਣਗੀਆਂ। ਅਫ਼ਸੋਸ ਦੇ ਨਾਲ ਕਹਿੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਕਿਸੇ ਦੇ ਖ਼ਿਲਾਫ਼ ਹੁਣ ਤਕ ਕੋਈ ਕੇਸ ਨਹੀਂ ਚਲ ਰਿਹਾ। ਜਿਨ੍ਹਾਂ ਕਤਲ ਕੀਤੇ ਸਨ ਅਤੇ ਮਾਸੂਮ ਬੱਚਿਆਂ ਦੇ ਕਤਲ ਕੀਤੇ ਸਨ ਉਨ੍ਹਾਂ ਉਤੇ ਵੀ ਕੋਈ ਮੁਕੱਦਮਾ ਨਹੀਂ ਚਲ ਰਿਹਾ। ਇਸ ਤੋਂ ਇਲਾਵਾ ਕਰੋੜਾਂ ਰੁਪਏ ਦਾ ਮਾਲ ਬਰਾਮਦ ਹੋਇਆ, ਇਹ ਪੁਲਸ


www.AKJ.Org

ਦੇ ਰਿਕਾਰਡ ਵਿਚ ਹੈ, ਪਰ ਉਹ ਵਾਪਸ ਲੋਕਾਂ ਨੂੰ ਦਿੱਤਾ ਨਹੀਂ ਗਿਆ, ਜਿਨ੍ਹਾਂ ਦਾ ਨੁਕਸਾਨ ਹੋਇਆ ਸੀ ਅਤੇ ਇਹ ਗੱਲ ਰਿਕਾਰਡ ਤੋਂ ਸਾਬਤ ਹੁੰਦੀ ਹੈ। ਨਾ ਹੀ ਕਿਸੇ ਦੇ ਖਿਲਾਫ ਕੋਈ ਕੇਸ ਚਲ ਰਿਹਾ ਹੈ ਅਤੇ ਜੇਕਰ ਕੇਸ ਚਲ ਰਹੇ ਹਨ ਉਹ ਚਾਰ ਕੇਸ ਸਾਰੇ ਹਿੰਦੁਸਤਾਨ ਵਿਚ ਸਿੱਖਾਂ ਉਤੇ ਚਲ ਰਹੇ ਹਨ ਜਿਨ੍ਹਾਂ ਆਪਣੀ ਜਾਨ ਦੀ ਹਿਫਾਜ਼ਤ ਕਰਨ ਲਈ ਹਿੰਮਤ ਵਿਖਾਈ ਸੀ। ਇਕ ਕੇਸ ਡੇਹਰਾਦੂਨ ਦੀ ਅਦਾਲਤ ਵਿਚ ਚਲ ਰਿਹਾ ਹੈ। ਉਸ ਬੰਦੇ ਦੇ ਖਿਲਾਫ, ਜਿਸ ਦੇ ਘਰ ਨੂੰ ਘੇਰਾ ਪਾਇਆ ਗਿਆ ਅਤੇ ਕਾਰ ਅਤੇ ਸਕੂਟਰ ਸਾੜ ਦਿੱਤਾ ਸੀ ਅਤੇ ਉਹ ਆਪਣੀ ਜਾਨ ਬਚਾਉਣ ਦੀ ਖ਼ਾਤਰ ਮਕਾਨ ਦੀ ਛੱਤ ਤੇ ਚੜ੍ਹ ਗਿਆ ਸੀ ਅਤੇ ਉਸ ਕੋਲ ਫਾਇਰ ਆਰਮਜ਼ ਦਾ ਲਾਇਸੈਂਸ ਸੀ ਅਤੇ ਉਸ ਨੇ ਫਾਇਰ ਕੀਤੇ ਤਾਂ ਕਿ ਉਹ ਲੋਕ ਜਿਨ੍ਹਾਂ ਨੇ ਮਕਾਨ ਨੂੰ ਘੇਰਾ ਪਾਇਆ ਹੋਇਆ ਸੀ, ਉਹ ਡਰਦੇ ਭੱਜ ਜਾਣ ਅਤੇ ਫਾਇਰ ਕਰਨ ਨਾਲ ਇਕ ਬੰਦਾ ਮਰ ਗਿਆ ਅਤੇ ਇਕ ਜ਼ਖਮੀ ਹੋ ਗਿਆ ਪਰ ਉਸ ਸਰਦਾਰ ਉਪਰ ਉਸ ਦੀ ਸਰਕਾਰ ਨੇ ਕੇਸ ਚਲਾ ਦਿੱਤਾ ਹੈ। ਇਸੇ ਤਰ੍ਹਾਂ ਦਾ ਇਕ ਹੋਰ ਕੇਸ ਸ਼ਾਹਜਹਾਨਪੁਰ ਦਾ ਹੈ। ਇਸ ਸਿੱਖ ਦੇ ਘਰ ਨੂੰ ਘੇਰਾ ਪਾਇਆ ਗਿਆ ਅਤੇ ਘਰ ਨੂੰ ਅੱਗ ਲਗਾ ਦਿੱਤੀ ਅਤੇ ਉਸ ਦੀ ਜਾਇਦਾਦ ਦਾ ਨੁਕਸਾਨ ਕਰ ਦਿੱਤਾ। ਉਸ ਨੇ ਆਪਣੀ ਪਿਸਤੌਲ ਵਿਚੋਂ ਗੋਲੀ ਚਲਾ ਦਿੱਤੀ ਜਿਸ ਦਾ ਉਸ ਕੋਲ ਲਾਇਸੈਂਸ ਸੀ। ਇਸੇ ਤਰ੍ਹਾਂ ਦਾ ਇਕ ਹੋਰ ਕੇਸ ਹੈ ਜਿਹੜਾ ਸਿੱਖ ਦੇ ਨਾਲ ਸਬੰਧਤ ਹੈ, ਇਹ ਬਿਹਾਰ ਦਾ ਹੈ। ਇਸ ਦੇ ਘਰ ਨੂੰ ਘੇਰਾ ਪਾਇਆ ਗਿਆ ਅਤੇ ਘਰ ਦੀਆਂ ਔਰਤਾਂ ਨੂੰ ਫੜ ਕੇ ਲੈ ਗਏ ਅਤੇ ਜਦ ਉਸ ਕੋਲੋਂ ਨਹੀਂ ਰਿਹਾ ਗਿਆ ਤਾਂ ਉਸ ਨੇ ਮਕਾਨ ਦੀ ਛੱਤ ਤੇ ਚੜ੍ਹ ਕੇ ਗੋਲੀ ਚਲਾ ਦਿੱਤੀ, ਜਿਸ ਨਾਲ ਇਕ ਜ਼ਖਮੀ ਹੋ ਗਿਆ ਅਤੇ ਇਕ ਬੰਦਾ ਮਾਰਿਆ ਗਿਆ ਸੀ। ਉਨ੍ਹਾਂ ਉਤੇ ਕੇਸ ਚਲ ਰਹੇ ਹਨ ਅਤੇ ਉਸ ਨੇ ਆਪਣੀ ਹਿਫਾਜ਼ਤ ਦੀ ਖਾਤਰ ਅਤੇ ਔਰਤਾਂ ਦੀ ਇਜ਼ਤ ਦੀ ਖਾਤਰ ਇਹ ਗੋਲੀ ਚਲਾਈ ਅਤੇ ਉਸ ਉਤੇ ਸਰਕਾਰ ਨੇ ਕੇਸ ਚਲਾ ਦਿੱਤਾ ਹੈ। ਮੈਂ ਇਹ ਗੱਲਾਂ ਜਿਹੜੀਆਂ ਹਾਉਸ ਵਿਚ ਦੱਸ ਰਿਹਾ ਹਾਂ, ਇਹ ਭਾਰਤ ਸਰਕਾਰ ਕੋਲ ਉਚ ਪੱਧਰ ਤੇ ਨੋਟਿਸ ਵਿਚ ਲਿਆਂਦੀਆਂ ਹਨ ਅਤੇ ਕਿਹਾ ਕਿ ਇਸ ਤਰ੍ਹਾਂ ਦੇ ੪ ਕੇਸ ਦੇਸ਼ ਵਿਚ ਚਲ ਰਹੇ ਹਨ ਅਤੇ ਤੁਸੀਂ ਕਹਿੰਦੇ ਹੋ ਕਿ ਅਸੀਂ ਸਿੱਖਾਂ ਦੇ ਜ਼ਖਮਾਂ ਉਤੇ ਮਰ੍ਹਮ ਪੱਟੀ ਕਰ ਰਹੇ ਹਾਂ। ਫੇਰ ਅਸੀਂ ਮੰਗ ਕੀਤੀ ਕਿ ਦੰਗਿਆਂ ਦੀ ਇਨਕੁਆਰੀ ਕਰਵਾਈ ਜਾਵੇ ਤਾਂ ਕਿ ਪਤਾ ਲੱਗ ਸਕੇ। ਜਦੋਂ ਇਨਕੁਆਰੀ ਸ਼ੁਰੂ ਹੋਈ ਤਾਂ ਉਸ ਦੇ ਵਿਚ ਲੋਕਾਂ ਨੇ ਐਫੀਡੈਵਿਟ ਦੇਣੇ ਸਨ। ਜਦੋਂ ਲੋਕਾਂ ਨੇ ਐਫੀਡੈਵਿਟ ਦਾਇਰ ਕਰਨੇ ਸਨ ਅਤੇ ਤਾਰੀਖ ਆ ਗਈ ਤਾਂ ਐਫੀਡੈਵਿਟ ਦੇਣ ਤੋਂ ਬਾਅਦ ਹੀ ਇਨਕੁਆਰੀ ਹੋਣੀ ਸੀ ਅਤੇ ਉਨ੍ਹਾਂ ਐਫੀਡੈਵਿਟ ਵਾਲਿਆਂ ਨੇ ਹੀ ਗਵਾਹ ਬਣਨਾ ਸੀ। ਜਿਨ੍ਹਾਂ ਨੇ ਐਫੀਡੈਵਿਟ ਦੇਣਾ ਸੀ ਉਨ੍ਹਾਂ ਨੂੰ ਗੁੰਡਿਆਂ ਨੇ ਮਾਰਿਆ ਅਤੇ ਧਮਕੀਆਂ ਦਿੱਤੀਆਂ ਗਈਆਂ ਕਿ ਤੁਹਾਨੂੰ ਜਾਨੋਂ ਮਾਰ ਦਿੱਤਾ ਜਾਵੇਗਾ ਜੇਕਰ ਤੁਸੀਂ ਐਫੀਡੈਵਿਟ ਦੇਵੋਗੇ। ਜਿਨ੍ਹਾਂ ਨੇ ਐਫੀਡੈਵਿਟ ਦੇਣਾ ਸੀ ਇਨ੍ਹਾਂ ਵਿਚ ਬਹੁਤ ਸਾਰੀਆਂ ਔਰਤਾਂ ਸਨ, ਜਿਨ੍ਹਾਂ ਦੇ ਕਿਸੇ ਦਾ ਘਰ ਵਾਲਾ ਮਾਰਿਆ ਗਿਆ ਅਤੇ ਕਿਸੇ ਦਾ ਸਹੁਰਾ ਮਾਰਿਆ ਗਿਆ ਅਤੇ ਘਰ ਵਿਚ ਆਦਮੀ ਕੋਈ ਰਿਹਾ ਨਹੀਂ ਸੀ, ਪਰ ਇਨ੍ਹਾਂ ਗੁੰਡਿਆਂ ਦੇ ਰਾਹੀਂ ਉਨ੍ਹਾਂ ਨੂੰ ਰੋਕਣ ਦੀ ਕਾਫੀ ਕੋਸ਼ਿਸ਼ ਕੀਤੀ ਗਈ। ਪਰ ਫਿਰ ਵੀ ਐਫੀਡੈਵਿਟ ਦਾਇਰ ਕੀਤੇ ਗਏ ਅਤੇ ਇਨ੍ਹਾਂ ਲੋਕਾਂ ਨੇ ਆਪਣੇ ਕੈਂਪ ਲਗਾਏ ਹੋਏ ਸਨ; ਜਿਥੇ ਉਹ ਰਹਿੰਦੇ ਸਨ, ਪਰ ਕੈਂਪਾਂ ਵਿਚ ਜਾ ਕੇ ਇਨ੍ਹਾਂ ਗੁੰਡਿਆਂ ਨੇ ਲੋਕਾਂ ਨੂੰ ਮਾਰਿਆ, ਪਰ ਫਿਰ ਵੀ ਐਫੀਡੈਵਿਟ ਦਿੱਤੇ ਗਏ।

ਸਪੀਕਰ ਸਾਹਿਬ, ਦਿੱਲੀ ਵਿਚ ਇਕ ਬਜਰੰਗ ਸਿੰਘ ਹਿੰਦੂ ਜੈਂਟਲਮੈਨ ਹੈ, ਉਸ ਨੇ ੯੦ ਵਿਧਵਾ ਔਰਤਾਂ ਨੂੰ ਆਪਣੇ ਘਰ ਵਿਚ ਕੈਂਪ ਲੱਗਾ ਕੇ ਰਖਿਆ ਸੀ ਅਤੇ ਆਪਣਾ ਸਹਾਰਾ ਦਿੱਤਾ ਸੀ। ਉਸ ਨੇ ਕਿਸੇ ਤੋਂ ਪੈਸਾ ਤਕ ਨਹੀਂ ਲਿਆ ਅਤੇ ਉਸ ਨੇ ਆਪਣੇ ਘਰ ਦੀ ਪ੍ਰਾਪਰਟੀ ਵੇਚ ਕੇ ਉਨ੍ਹਾਂ ਵਿਧਵਾ ਔਰਤਾਂ ਦੀ ਸਹਾਇਤਾ ਕੀਤੀ। ਉਹ ਆਪ ਵਕੀਲ ਹੈ ਅਤੇ ਆਪਣੀ ਪ੍ਰਾਪਰਟੀ ਦੇ ਨਾਲ ਇਸ ਕੈਂਪ ਨੂੰ ਚਲਾਉਂਦਾ ਰਿਹਾ ਹੈ। ਇਸ ਕੈਂਪ ਨੂੰ ਵੇਖਣ ਲਈ ਸੰਤ ਜੀ ਅਤੇ ਮੈਂ ਵੀ ਗਿਆ ਸੀ। ਪੁਲਸ ਨੇ ਉਸ ਨੂੰ ਤੰਗ ਕੀਤਾ ਅਤੇ ਮਿਉਂਸਪਲ ਕਾਰਪੋਰੇਸ਼ਨ ਨੇ ਉਸ ਦਾ ਮਕਾਨ ਢਾਹੁਣ ਦਾ ਨੋਟਿਸ ਦੇ ਦਿੱਤਾ ਕਿ ਇਹ ਪਬਲਿਕ ਪਲੇਸ ਤੇ ਬਣਿਆ ਹੋਇਆ



www.AKJ.Org

ਹੈ ਅਤੇ ਇਸ ਗ਼ਲਤ ਜਗ੍ਹਾ ਉਤੇ ਬਣਿਆ ਹੋਇਆ ਹੈ। ਇਸ ਮਕਾਨ ਦਾ ਪੁਰਾਣਾ ੧੭-੧੮ ਸਾਲ ਦਾ ਕੋਈ ਕੇਸ ਹੋਵੇਗਾ, ਉਸ ਦਾ ਆਧਾਰ ਬਣਾ ਕੇ ਕਾਰਪੋਰੇਸ਼ਨ ਨੇ ਉਸ ਦਾ ਮਕਾਨ ਢੁਆ ਦਿੱਤਾ ਅਤੇ ਉਸ ਮਕਾਨ ਦੇ ਢਹਿੰਦੇ ਦੀ ਵੀਡੀਓ ਫਿਲਮ ਬਣਾਈ ਹੈ ਅਤੇ ਉਹ ਲੋਕਾਂ ਨੂੰ ਵਿਖਾਉਂਦਾ ਹੈ ਅਤੇ ਢਹਿੰਦੇ ਹੋਏ ਮਕਾਨ ਉਤੇ ਲੇਟਿਆ ਹੋਇਆ ਹੈ। ਉਸ ਦਾ ਮਕਾਨ ਢਾਹੁਣ ਤੋਂ ਬਾਅਦ ਛਡਿਆ ਨਹੀਂ ਗਿਆ। ਉਹ ਆਪਣਾ ਕੇਸ ਸੁਪਰੀਮ ਕੋਟ ਤਕ ਲੜਦਾ ਰਿਹਾ ਹੈ ਕਿਉਂਕਿ ਉਹ ਖੁਦ ਐਡਵੋਕੇਟ ਸੀ ਅਤੇ ਹੁਣ ਤਕ ਉਹ ਬੇਸਹਾਰਿਆਂ ਦੀ ਮਦਦ ਕਰ ਰਿਹਾ ਹੈ ਅਤੇ ਆਪਣੀ ਜਾਇਦਾਦ ਵੇਚ ਕੇ ਸੇਵਾ ਕਰ ਰਿਹਾ ਹੈ। ੩੦ ਔਰਤਾਂ, ਜਿਹੜੀਆਂ ਵਿਧਵਾ ਹੋ ਗਈਆਂ ਸਨ, ਉਨ੍ਹਾਂ ਦੀਆਂ ਉਸ ਨੇ ਦੁਬਾਰਾ ਸ਼ਾਦੀਆਂ ਕਰਵਾ ਦਿੱਤੀਆਂ ਸਨ ਅਤੇ ਉਸ ਕੋਲ ਉਨ੍ਹਾਂ ਦੀ ਰਾਜ਼ੀ ਖੁਸ਼ੀ ਦੀਆਂ ਚਿੱਠੀਆਂ ਵੀ ਆਉਂਦੀਆਂ ਹਨ, ਜਿਹੜੀਆਂ ਉਸ ਨੇ ਸਾਨੂੰ ਵਿਖਾਈਆਂ ਅਤੇ ਫੋਟੋ ਵੀ ਵਿਆਈਆਂ, ਜਿਸ ਵਿਚ ਉਨ੍ਹਾਂ ਵਿਧਵਾਵਾਂ ਦੇ ਵਿਆਹ ਹੁੰਦੇ ਦਿਖਾਏ ਗਏ ਹਨ। ਸਪੀਕਰ ਸਾਹਿਬ, ਇਸ ਬੰਦੇ ਨੇ ਕਲ੍ਹ ਮਿਸ਼ਰਾ ਕਮਿਸ਼ਨ ਕੋਲ ਐਫੀਡੇਵਿਟ ਦੇਣਾ ਸੀ ਅਤੇ ਉਹ ਆਪਣੀ ਕਾਰ ਵਿਚ ਬੈਠ ਕੇ ਜਦੋਂ ਮਿਸ਼ਰਾ ਕਮਿਸ਼ਨ ਦੇ ਦਫ਼ਤਰ ਕੋਲ ਗਿਆ ਤਾਂ ਉਸ ਉਤੇ ਗੋਲੀਆਂ ਚਲਾਈਆਂ ਗਈਆਂ ਅਤੇ ਉਸ ਨੇ ਬੜੀ ਬਹਾਦਰੀ ਵਿਖਾਈ ਅਤੇ ਉਹ ਮਿਸ਼ਰਾ ਕਮਿਸ਼ਨ ਕੋਲ ਜ਼ਖਮੀ ਹਾਲਤ ਵਿਚ ਪਹੁੰਚ ਗਿਆ ਅਤੇ ਕਮਿਸ਼ਨ ਨੂੰ ਸਾਰੀ ਗੱਲ ਦਸੀ ਅਤੇ ਉਸ ਨੂੰ ਉਨ੍ਹਾਂ ਨੇ ਚੁੱਕ ਕੇ ਹਸਪਤਾਲ ਪਹੁੰਚਾਇਆ। ਜਿਹੜਾ ਉਸ ਨੇ ਕਮਿਸ਼ਨ ਕੋਲ ਐਫੀਡੇਵਿਟ ਦੇਣਾ ਸੀ ਉਹ ਉਨ੍ਹਾਂ ਬੰਦਿਆਂ ਦੇ ਖਿਲਾਫ ਵੀ ਜਾਣਾ ਸੀ ਜਿਨ੍ਹਾਂ ਨੇ ਦੰਗਿਆਂ ਦੇ ਵਕਤ ਗ਼ਲਤ ਕੰਮ ਕੀਤੇ ਸਨ, ਉਹ ਪੁਲਸ ਦੇ ਖਿਲਾਫ ਵੀ ਜਾਣਾ ਸੀ ਅਤੇ ਉਸ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ ਗਈ, ਫੇਰ ਇਹ ਕਹਿੰਦੇ ਹਨ ਕਿ ਅਸੀਂ ਮਰ੍ਹਮ ਪੱਟੀ ਕਰ ਰਹੇ ਹਾਂ।

ਹੁਣ ਤੁਸੀਂ ਸਪੀਕਰ ਸਾਹਿਬ ਦੇਖ ਲਵੋ ਕਿ ਇਹ ਇਨਕੁਆਰੀ ਚਲ ਰਹੀ ਹੈ। ਇਸ ਹਾਲਾਤ ਵਿਚ ਸਾਡੇ ਤੇ ਇਲਜ਼ਾਮ ਲਗਾ ਰਹੇ ਹਨ ਕਿ ਪੰਜਾਬ ਵਿਚ ਹਾਲਾਤ ਨਾਰਮਲ ਨਹੀਂ ਹੋ ਰਹੇ। ਮੈਂ ਇਨ੍ਹਾਂ ਨੂੰ ਹਾਲਾਤ ਤੋਂ ਜਾਣੂ ਕਰਵਾਉਂਦਾ ਹਾਂ ਅਤੇ ਇਨ੍ਹਾਂ ਪਿਛਲੇ ਅਤੇ ਹੁਣ ਦੇ ਸਮੇਂ ਵਿਚ ਹੋਏ ਕਰਾਈਮ ਦਾ ਵੇਰਵਾ ਦੱਸਦਾ ਹਾਂ ਅਤੇ ਅੰਕੜੇ ਪੇਸ਼ ਕਰਦਾ ਹਾਂ। ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਕਤਲ ਜ਼ਿਆਦਾ ਹੁੰਦੇ ਹਨ, ਪਰ ਕਿਉਂਕਿ ਉਹ ਅਖਬਾਰਾਂ ਵਿਚ ਨਹੀਂ ਆਉਂਦੇ ਅਤੇ ਇਥੇ ਇਹ ਅਖਬਾਰਾਂ ਵਿਚ ਸੁਰਖੀਆਂ ਬਣਾ ਕੇ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਦੀਆਂ ਆਪਣੀਆਂ ੪ ਏਜੰਸੀਆਂ ਹਨ, ਜਿਥੋਂ ਇਨ੍ਹਾਂ ਨੂੰ ਖਬਰ ਮਿਲਦੀ ਹੈ। ਇਸ ਹਾਲਤ ਵਿਚ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਨੂੰ ਇਹ ਵਧਾ ਚੜ੍ਹਾ ਕੇ ਪੇਸ਼ ਕਰਕੇ ਖਰਾਬ ਕਰ ਰਹੇ ਹਨ। ਲਾਅ ਐਂਡ ਆਰਡਰ ਦੀ ਹਾਲਤ ਇਤਨੀ ਖਰਾਬ ਨਹੀਂ ਹੈ ਕਿ ਜਿਤਨੀ ਇਹ ਦੱਸ ਰਹੇ ਹਨ। ਇਨ੍ਹਾਂ ਵਲੋਂ ਕਿਹਾ ਗਿਆ ਕਿ ਇਸ ਸਾਲ ਵਿਚ ੨੫੦ ਕਤਲ ਹੋ ਗਏ ਹਨ, ਕੋਈ ਕਹਿੰਦਾ ਹੈ ੩੫੦ ਹੋ ਗਏ ਹਨ, ਜਦ ਕਿ ਇਨ੍ਹਾਂ ਦੀ ਹੀ ਪਾਰਟੀ ਦਾ ਭਾਰਤ ਦਾ ਗ੍ਰਿਹ ਮੰਤਰੀ ਪਾਰਲੀਮੈਂਟ ਵਿਚ ਕਹਿੰਦਾ ਹੈ ਕਿ ੫੦-੫੧ ਕਤਲ ਹੋਏ ਹਨ। ਪਰ ਇਹ ਉਸ ਨੂੰ ਮੰਨਣ ਲਈ ਤਿਆਰ ਨਹੀਂ ਹਨ ਅਤੇ ਕਹਿੰਦੇ ਹਨ ਕਿ ਇਹ ਬਿਉਰਾ ਉਨ੍ਹਾਂ ਨੂੰ ਪੰਜਾਬ ਸਰਕਾਰ ਨੇ ਤਿਆਰ ਕਰ ਕੇ ਦਿੱਤਾ ਹੋਵੇਗਾ ਅਤੇ ਕਹਿੰਦੇ ਹਨ ਕਿ ਹੋਮ ਮਨਿਸਟਰ ਨੇ ਗ਼ਲਤ ਬਿਆਨੀ ਹਾਊਸ ਵਿਚ ਕੀਤੀ ਹੈ।

—ਅਜੀਤ, ੧੭-੧੮ ਮਾਰਚ ੧੯੮੬

## ਪਾਠਕਾਂ ਪਾਸ ਜ਼ਰੂਰੀ ਬੇਨਤੀਆਂ

(੧) ਸੂਰਾ ਦੇ ਚੰਦੇ ਆਦਿ "ਸੂਰਾ ਅੰਮ੍ਰਿਤਸਰ" ਦੇ ਨਾਂ ਤੇ ਹੀ ਭੇਜੋ, ਜਥੇਦਾਰ ਸਾਹਿਬ ਜਾਂ ਕਿਸੇ ਦੇ ਨਾਮ ਤੇ ਨਾ ਭੇਜੋ।

(੨) ਸ਼ਹੀਦੀ ਫੰਡ ਦੀਆਂ ਰਕਮਾਂ 'ਅਖੰਡ ਕੀਰਤਨੀ ਜਥਾ ਅੰਮ੍ਰਿਤਸਰ' ਦੇ ਨਾਂ ਤੇ ਹੀ ਭੇਜੋ, ਸੂਰਾ ਦੇ ਨਾਮ ਨਾ ਭੇਜੋ।

(੩) ਚੰਦਾ ਖ਼ਤਮ ਹੋਣ ਦੀ ਮੁਹਰ ਪਰਚੇ ਤੇ ਵੇਖੋ ਅਤੇ ਰਕਮ ਓਦੋਂ ਨੂੰ 'ਸੂਰਾ' ਅੰਮ੍ਰਿਤਸਰ ਨੂੰ ਮਨੀਆਰਡਰ ਰਾਹੀਂ ਭੇਜੋ ਜੀ।

(੪) ਰਕਮ ਆਦਿ ਭੇਜਣ ਲਗਿਆਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਨੰਬਰ ਹੁੰਦਾ ਹੈ।

www.AKJ.Org

# ਖਰੀਆਂ ਖਰੀਆਂ

ਪੰਜਾਬ ਦੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਰਾਜ ਵਿਧਾਨ ਸਭਾ ਵਿਚ ਪਹਿਲੀ ਦਫ਼ਾ ਜਿਹੜੀਆਂ ਸਪੱਸ਼ਟ ਤੇ ਖਰੀਆਂ ਖਰੀਆਂ ਗੱਲਾਂ ਕੀਤੀਆਂ ਹਨ, ਉਨ੍ਹਾਂ ਲਈ ਉਹ ਵਧਾਈ ਦੇ ਪਾਤਰ ਹਨ। ਅਸੀਂ ਉਨ੍ਹਾਂ ਦੀ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਜਦੋਂ ਤਕ ਸਿੱਖਾਂ ਦੇ ਦਿਲਾਂ ਤੇ ਲਗੇ ਜ਼ਖਮਾਂ ਨੂੰ ਦਿਆਨਤਦਾਰੀ ਨਾਲ ਭਰਿਆ ਨਹੀਂ ਜਾਂਦਾ, ਪੰਜਾਬ ਵਿਚ ਅਮਨ ਨਹੀਂ ਹੋ ਸਕਦਾ। ਉਨ੍ਹਾਂ ਦੀ ਇਹ ਗੱਲ ਸੌ ਫ਼ੀ ਸਦੀ ਦਰੁਸਤ ਹੈ ਕਿ ਦੇਸ਼ ਦੇ ਦੂਸਰਿਆਂ ਹਿਸਿਆਂ ਵਿਚ ਸਿੱਖਾਂ ਦੇ ਵਿਰੁਧ ਭੰਡੀ ਪਰਚਾਰ ਦੀ ਚਲਾਈ ਗਈ ਮੁਹਿੰਮ ਸਾਰੇ ਦੇਸ਼ ਲਈ ਹਾਨੀਕਾਰਕ ਸਿੱਧ ਹੋਵੇਗੀ। ਜੇ ਦੇਸ਼ ਦੇ ਦੂਜੇ ਰਾਜਾਂ ਵਿਚ ਅਮਨ ਨਹੀਂ ਤਾਂ ਪੰਜਾਬ ਵਿਚ ਕਿਵੇਂ ਅਮਨ ਰਹਿ ਸਕਦਾ ਹੈ।

ਮੁਖ ਮੰਤਰੀ ਨੇ ਨਵੰਬਰ ੧੯੮੪ ਵਿਚ ਦੇਸ਼ ਵਿਚ ਹੋਏ ਸਿੱਖ ਜਗਤ ਵਿਰੁਧ ਦੰਗਿਆਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਦਿੱਲੀ ਵਿਚ ਹੀ ੪੦੦੦ ਤੋਂ ਵੱਧ ਸਿੱਖ ਕਤਲ ਕੀਤੇ ਗਏ ਅਤੇ ਕਿਸੇ ਵੀ ਕਾਤਲ ਨੂੰ ਨਹੀਂ ਫੜਿਆ ਗਿਆ ਅਤੇ ਨਾ ਹੀ ਕਿਸੇ ਕਾਤਲ ਵਿਰੁਧ ਕੋਈ ਕੇਸ ਦਰਜ ਕੀਤਾ ਗਿਆ ਹੈ। ਜਿਨ੍ਹਾਂ ਲੋਕਾਂ ਦੇ ਘਰੋਂ ਲੁਟ ਦਾ ਮਾਲ ਬਰਾਮਦ ਹੋਇਆ, ਉਨ੍ਹਾਂ ਵਿਰੁਧ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਨਾ ਹੀ ਕਿਸੇ ਵਿਰੁਧ ਕੋਈ ਚਲਾਨ ਪੇਸ਼ ਕੀਤਾ ਗਿਆ।

ਅਸੀਂ ਇਥੇ ਇਹ ਯਾਦ ਕਰਾਉਣਾ ਚਾਹੁੰਦੇ ਹਾਂ ਕਿ ਜਦ ਸਰਕਾਰ ਅਤੇ ਪੁਲਸ ਦੀ ਆਪਣੀ ਸ਼ਹਿ ਤੇ ਇਹ ਸਭ ਕੁਝ ਹੋਇਆ ਹੋਵੇ ਤਾਂ ਕਾਰਵਾਈ ਕੌਣ ਕਰੇ ਤੇ ਕਿਸ ਦੇ ਵਿਰੁਧ ਕੀਤੀ ਜਾਵੇ। ਪੁਲਸ ਅਫਸਰ ਆਪ ਹੀ ਕਿਰਾਏ ਦੇ ਗੁੰਡਿਆਂ ਦੀ ਅਗਵਾਈ ਕਰਦੇ ਰਹੇ। ਕਾਂਗਰਸੀ ਨੇਤਾ ਤੇ ਵਰਕਰ ਆਪ ਹੀ ਸਾਰੀ ਸਾਜ਼ਿਸ਼ ਵਿਚ ਸ਼ਾਮਲ ਰਹੇ। ਆਪਣੀ ਸਰਕਾਰ ਇਨ੍ਹਾਂ ਲੋਕਾਂ ਨੂੰ ਕਿਵੇਂ ਫੜ ਸਕਦੀ ਹੈ? ਸਿੱਖਾਂ ਦੇ ਰਿਸਦੇ ਜ਼ਖਮਾਂ ਤੇ ਮਲ੍ਹਮ ਲਾਉਣ ਦੀ ਥਾਂ ਦੇਸ਼ ਵਿਚ ਅਜੇ ਤਕ ਇਨ੍ਹਾਂ ਵਿਰੁਧ ਭੰਡੀ ਪ੍ਰਚਾਰ ਜਾਰੀ ਹੈ। ਪਿਛਲੇ ੩ ਮਹੀਨਿਆਂ ਦੇ ਦੌਰਾਨ ਦੇਸ਼ ਵਿਚ ਸਿੱਖਾਂ ਵਿਰੁੱਧ ਬਹੁਤ ਹੀ ਭੜਕਾਊ ਅਤੇ ਜ਼ਹਿਰੀਲੇ ਪੋਸਟਰ ਵੰਡੇ ਗਏ ਹਨ। ਇਸ ਸੰਬੰਧੀ ਕਿਸੇ ਦੇ ਸਿਰ ਤੇ ਜੂੰ ਤਕ ਨਹੀਂ ਸਰਕੀ। ਇਹ ਹੋਰ ਵੀ ਕਿੰਨੀ ਮੰਦਭਾਗੀ ਗੱਲ ਹੈ ਕਿ ਜਿਨ੍ਹਾਂ ਲੋਕਾਂ ਨੇ ਦੰਗਾ-ਪੀੜਤਾਂ ਦੀ ਸਹਾਇਤਾ ਕੀਤੀ, ਉਨ੍ਹਾਂ ਨੂੰ ਤੰਗ ਕੀਤਾ ਗਿਆ। ਪਿਛਲੇ ਦਿਨੀਂ ਦਿੱਲੀ ਦੇ ਇਕ ਪ੍ਰਸਿੱਧ ਵਕੀਲ ਸ੍ਰੀ ਬਜਰੰਗ ਸਿੰਘ ਜਿਨ੍ਹਾਂ ਨੇ ਕਈ ਸਿਖ ਵਿਧਵਾਵਾਂ ਦੀ ਜਾਨ ਬਚਾਈ ਅਤੇ ਉਨ੍ਹਾਂ ਨੂੰ ਮੁੜ ਵਸਾਉਣ ਲਈ ਸਹਾਇਤਾ ਦਾ ਕੰਮ ਕੀਤਾ, ਉਨ੍ਹਾਂ ਉਤੇ ਵੀ ਗੋਲੀ ਚਲਾਈ ਗਈ, ਜਦੋਂ ਕਿ ਉਹ ਨਵੰਬਰ ੧੯੮੪ ਦੇ ਦੰਗਿਆਂ ਦੀ ਜਾਂਚ ਕਰ ਰਹੇ ਮਿਸ਼ਰਾ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ ਲਈ ਜਾ ਰਹੇ ਸਨ। ਹੋਰ ਤੇ ਹੋਰ, ਉਨ੍ਹਾਂ ਸਿੱਖਾਂ ਨੂੰ ਵੀ ਡਰਾਇਆ ਧਮਕਾਇਆ ਗਿਆ ਜਿਹੜੇ ਕਮਿਸ਼ਨ ਸਾਹਮਣੇ ਹਲਫ਼ੀਆ ਬਿਆਨ ਦਾਖ਼ਲ ਕਰਾਉਣਾ ਚਾਹੁੰਦੇ ਸਨ।

ਜਦੋਂ ਤਕ ਸਾਰੇ ਦੇਸ਼ ਵਿਚ ਸਿੱਖਾਂ ਵਿਰੁਧ ਪਾਈ ਜਾ ਰਹੀ ਅਵਿਸ਼ਵਾਸ ਦੀ ਇਹ ਭਾਵਨਾ ਦੂਰ ਨਹੀਂ ਕੀਤੀ ਜਾਂਦੀ, ਇਸ ਪਾਸੇ ਵਲ ਸੱਚੇ ਦਿਲ ਨਾਲ ਕਦਮ ਨਹੀਂ ਚੁੱਕੇ ਜਾਂਦੇ, ਸਿੱਖਾਂ ਦੇ ਪੁਨਰਵਾਸ ਲਈ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ, ਅਤੇ ਵਖ ਵਖ ਰਾਜਾਂ ਵਿਚ ਹੋਏ ਉਨ੍ਹਾਂ ਦੇ ਨੁਕਸਾਨ ਦਾ ਯੋਗ ਮੁਆਵਜ਼ਾ ਨਹੀਂ ਦਿਤਾ ਜਾਂਦਾ, ਪੰਜਾਬ ਵਿਚ ਅਮਨ ਦੀ ਆਸ ਕਰਨਾ ਵਿਅਰਥ ਹੈ।.. ...

ਅਸੀਂ ਕੇਂਦਰ ਸਰਕਾਰ ਤੋਂ ਅਤੇ ਪੰਜਾਬ ਦੀ ਕਾਂਗਰਸ ਪਾਰਟੀ ਦੇ ਲੀਡਰਾਂ ਤੋਂ, ਜਿਹੜੇ ਪੰਜਾਬ ਦੇ ਹਾਲਾਤ ਤੋਂ ਚਿੰਤਤ ਹਨ, ਪੁਛਦੇ ਹਾਂ ਕਿ ਕੀ ਇਸੇ ਢੰਗ ਨਾਲ ਸਿੱਖਾਂ ਦੇ ਜ਼ਖਮਾਂ ਉਤੇ ਮਲ੍ਹਮ ਲਾਈ ਜਾ ਰਹੀ ਹੈ। ਗੱਲ ਬਿਲਕੁਲ ਸਪੱਸ਼ਟ ਹੈ ਕਿ ਕੇਂਦਰ ਸਰਕਾਰ ਅਤੇ ਕਾਂਗਰਸ ਪਾਰਟੀ ਆਪ ਪੰਜਾਬ ਦੇ ਹਾਲਾਤ ਨੂੰ ਸੁਧਾਰਨ ਦੇ ਹੱਕ ਵਿਚ ਨਹੀਂ। ਉਹ ਜਾਣ ਬੁਝ ਕੇ ਪੰਜਾਬ ਨੂੰ, ਪੰਜਾਬੀਆਂ ਨੂੰ ਅਤੇ ਖਾਸ ਕਰਕੇ ਸਿੱਖਾਂ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ, ਤਾਂ ਜੁ ਉਹ ਆਪਣੀਆਂ ਹੱਕੀ ਮੰਗਾਂ ਮੰਨਾਉਣ ਲਈ ਕੋਈ ਅੰਦੋਲਨ ਕਰਨ ਦੇ ਯੋਗ ਨਾ ਰਹਿਣ।... ..

—ਸੰਪਾਦਕੀ ਲੇਖ, ਅਜੀਤ ੧੧-੩-੮੬

www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸ੍ਰੀ ਅੰਮ੍ਰਿਤਸਰ, ਕਾਨਪੁਰ, ਦਿੱਲੀ, ਪੰਜਾਬ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਖੇ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਬਣੇ, ਅਖੰਡ ਕੀਰਤਨੀ ਜਥੇ ਦੇ ਕਈ ਪਰਵਾਰ ਤਬਾਹ ਤੇ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ, ਸ਼ਹੀਦੀਆਂ ਪਾ ਗਏ । ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ । ਐਤਕੀ ਹੇਠ ਲਿਖੇ ਅਨੁਸਾਰ ਮਾਇਆ ਪੁਜੀ ਹੈ—

| | |
|---|---|
| ਸ: ਰਘਬੀਰ ਸਿੰਘ c/o ਸ: ਅਜੀਤ ਸਿੰਘ ਡਰਬੀ ਯੂ.ਕੇ. | ੩੫੧-੬੦ |
| ਅਖੰਡ ਕੀਰਤਨੀ ਜਥਾ ਡਰਬੀ ਯੂ.ਕੇ. | ੧੭੫੮-੦੦ |
| ਭਾਈ ਭਜਨ ਸਿੰਘ, ਜਲੰਧਰ | ੫੦-੦੦ |
| ਸ: ਸਵਰਨ ਸਿੰਘ, ਹਰੀ ਨਗਰ, ਨਵੀਂ ਦਿਲੀ | ੩੦੦-੦੦ |
| ਸ: ਜੋਗਿੰਦਰ ਸਿੰਘ ਸੰਘਾ, ਰਿਚਮਾਂਡ, ਕੈਨੇਡਾ | ੨੮੧੨-੮੦ |
| ਭਾਈ ਕੁਲਦੀਪ ਸਿੰਘ ਨੇਵੀ, ਬੰਬਈ | ੧੦੦-੦੦ |
| ਐਸ. ਸਿੰਘ ਪੈਟੀ ਅਫਸਰ, ਬੰਬਈ | ੧੧੦-੦੦ |
| ਬੀਬੀ ਰਣਜੀਤ ਕੌਰ ਸ਼ਿਮਲਾ (ਸਿਹਤ ਬਖਸ਼ੋ ਜੀ) | ੨੧੦੦-੦੦ |
| ਮਾਤਾ ਰਾਮ ਕੌਰ ਨਵੀਂ ਦਿਲੀ-੬੪ | ੪੫੦-੦੦ |
| ਸ: ਨਾਨਕ ਸਿੰਘ ਪੂਨਾ (ਸਮਾਗਮ ਦਾ ਚੜ੍ਹਾਵਾ) | ੧੫੦-੦੦ |
| ਭਾਈ ਨਿਰੰਤਰ ਸਿੰਘ, ਅੰਬਾਲਾ ਕੈਂਟ | ੧੦੦੦-੦੦ |
| ਭਾਈ ਅਵਤਾਰ ਸਿੰਘ, ਛੇਹਰਟਾ ਸਾਹਿਬ (ਦਸਵੰਧ) | ੫੦੦-੦੦ |
| ਭਾਈ ਪ੍ਰਿਤਪਾਲ ਸਿੰਘ ਆਦਮਪੁਰ (ਜਲੰਧਰ) | ੧੦੦-੦੦ |
| ਸੰਗਤ ਜੈਪੁਰ | ੧੦੦੦-੦੦ |
| ਮੈਨੇਜਰ ਸ੍ਰੀ ਗੁਰੂ ਸਿੰਘ ਸਭਾ ਅਲਸੂਰ ਬੰਗਲੋਰ | ੧੦੦-੦੦ |
| ਸ: ਮਹਿੰਦਰ ਸਿੰਘ, ਸ਼ਕਤੀ ਨਗਰ ਫਗਵਾੜਾ | ੧੦੦-੦੦ |
| ਸ: ਸਤਨਾਮ ਸਿੰਘ, ਸਾਉਥਹਾਲ ਯੂ.ਕੇ. | |
| ਕ੍ਰਾ: ਸਾਹਿਬ ਬਲਬੀਰ ਸਿੰਘ ਸਰਾਭਾ ਨਗਰ ਲੁਧਿਆਣਾ | ੧੦੦੦-੦੦ |
| ਸ੍ਰੀਮਤੀ ਬੀਬੀ ਗੁਰਚਰਨ ਕੌਰ " " | ੨੦੦-੦੦ |
| ਸ: ਸਮੁੰਦ ਸਿੰਘ, ਅੰਮ੍ਰਿਤਸਰ | ੫੧-੦੦ |
| Col. ਕੁਲਵੰਤ ਸਿੰਘ (ਸ: ਹਰੀ ਸਿੰਘ ਸ਼ੇਰਗਿਲ ਨਮਿਤ) | ੫੧-੦੦ |
| ਸ: ਜੀਤ ਸਿੰਘ ਮਦਰਾਸ (ਗੁਰੂ ਕੀ ਗੋਲਕ) | ੨੦੦-੦੦ |
| ਸ: ਗੁਰਮੀਤ ਸਿੰਘ ਇੰਜੀਨੀਅਰ, ਕੁਵੈਤ | ੧੩੩੦-੦੦ |
| ਸ: ਦਰਸ਼ਨ ਸਿੰਘ, ਮੂਲੀਆਂ ਵਾਲ | ੧੦-੦੦ |
| ਮਿਸਤ੍ਰੀ ਲਾਲ ਸਿੰਘ ਅੰਮ੍ਰਿਤਸਰ (ਸ਼ਹੀਦ ਬੱਚੇ ਦੇ ਭੋਗ ਤੇ) | ੯੩-੩੦ |
| Sgt. ਗੁਰਲੋਚਨ ਸਿੰਘ ਨੰ: 38, Sqdn A. F. | ੫੦੦-੦੦ |
| ਸ: ਹਰਦਿਤ ਸਿੰਘ, ਦਿਲੀ | ੧੫੧-੦੦ |
| ਬੀਬੀ ਪ੍ਰੀਤਮ ਕੌਰ, ਦਿਲੀ | ੫੦੦੦-੦੦ |
| ਸ: ਪਰਤਾਪ ਸਿੰਘ, ਦਿਲੀ | ੨੫੦-੦੦ |
| ਸ: ਰੇਸ਼ਮ ਸਿੰਘ, ਬੁਲ੍ਹੋਵਾਲ | ੧੦੦-੦੦ |
| ਸ: ਅਮਰਜੀਤ ਸਿੰਘ, ਦਿਲੀ | ੫੦੦-੦੦ |
| ਗੁਪਤ, ਸ੍ਰੀ ਅੰਮ੍ਰਿਤਸਰ | ੧੦੦-੦੦ |
| ਭਾਈ ਗੁਰਬਚਨ ਸਿੰਘ, ਖੇਮੁਆਣਾ | ੧੦੦-੦੦ |
| ਸ: ਸਾਧੂ ਸਿੰਘ, ਬਹਿਬਲਪੁਰ | ੧੦੪-੬੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਇਹ ਸਹਾਇਤਾ ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੇ ਨਾਲ ਨਾਲ, ਹੋਰ ਗੁਰਸਿਖ ਪੀੜਤ ਪਰਵਾਰਾਂ ਨੂੰ ਵੀ ਲੋੜ ਤੇ ਯੋਗਤਾ ਅਨੁਸਾਰ ਦਿਤੀ ਜਾਂਦੀ ਹੈ । ਐਤਕੀ ਹੇਠ ਲਿਖੇ ਅਨੁਸਾਰ ਸਹਾਇਤਾ ਦਿਤੀ ਗਈ—

| | |
|---|---|
| ਸ੍ਰੀਮਤੀ ਅੰਮ੍ਰਿਤਪਾਲ ਕੌਰ ਸਪਤ੍ਰੀ ਸ: ਸੁਖਜਿੰਦਰ ਸਿੰਘ, ਪਟੀ | ੧੦,੦੦੦-੦੦ |
| ਸ੍ਰੀਮਤੀ ਸਤਬੀਰ ਕੌਰ ਸਪੁਤ੍ਰੀ ਸ: ਮਾਹਲ ਸਿੰਘ, ਅੰਮ੍ਰਿਤਸਰ | ੧੦,੦੦੦-੦੦ |
| ਬੀਬੀ ਇੰਦਰਜੀਤ ਕੌਰ, ਸੁਪਤਨੀ ਭਾ: ਬਲਵੰਤ ਸਿੰਘ, ਡੇਰਾ ਰੋਡ, ਬਟਾਲਾ | ੫,੦੦੦-੦੦ |
| ਬੀਬੀ ਗੁਰਮੀਤ ਕੌਰ ਬਿਹਾਰ ਤੋਂ ਗੁਰੂ ਰਾਮਦਾਸ ਹਸਪਤਾਲ, ਅੰਮ੍ਰਿਤਸਰ (ਮਹੀਨੇ ਲਈ) | ੩੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ

**ਰਾਗਮਾਲਾ ਬਾਰੇ ਵਿਚਾਰ—** ਰਾਗਮਾਲਾ ਬਾਰੇ ਅਸੀਂ 'ਸੂਰਾ' ਮਾਸਕ ਪੱਤਰ ਵਿਚ ਕੋਈ ਲੇਖ ਨਹੀਂ ਛਾਪਣਾ ਚਾਹੁੰਦੇ । ਪਾਠਕਾਂ ਦੀ ਜਾਣਕਾਰੀ ਲਈ ਵਿਦਵਾਨ ਲੇਖਕਾਂ ਦੇ ਖੋਜ ਪੂਰਤ ੬ ਲੇਖ ਵਖਰੇ ਟ੍ਰੈਕਟ ਵਿਚ ਛਪ ਗਏ ਹਨ । ਪੰਨੇ ੭੬, ਭੇਟਾ ਕੇਵਲ ਇਕ ਰੁਪਿਆ ।

### ਫ਼ੀਰੋਜ਼ਪੁਰ ਸ਼ਹਿਰ (ਕਾਂਸ਼ੀ ਨਗਰੀ, ਗਲੀ ਨੰ: ੨) ਵਿਖੇ ਅਖੰਡਪਾਠ ਤੇ ਕੀਰਤਨ

ਭਾ: ਬਲਵੰਤ ਸਿੰਘ ਖਾਲਸਾ ਦੇ ਗ੍ਰਿਹ ਵਿਖੇ ੨੭ ਅਪ੍ਰੈਲ ਐਤਵਾਰ ਨੂੰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਕੀਰਤਨ

### ਸ਼ਹੀਦ ਰਘਬੀਰ ਸਿੰਘ ਜੀ ਦੀ ਯਾਦ ਵਿਚ ਪਿੰਡ ਬੂਤਾਲਾ (ਕਪੂਰਥਲਾ) ਵਿਖੇ ਅਖੰਡਪਾਠ ਤੇ ਕੀਰਤਨ

੨੦ ਅਪ੍ਰੈਲ ਐਤਵਾਰ ਨੂੰ ਸਵੇਰੇ ਅਖੰਡਪਾਠ ਦੇ ਭੋਗ, ਉਪਰੰਤ ਦੁਪਹਿਰ ਤਕ ਕੀਰਤਨ ।

### ਜੀਵਨਵਾਲ ਬਬਰੀ ਨੇੜੇ ਬਾਲ ਸੁਖ ਸਾਗਰ ਭਵਨ ਵਿਖੇ ਰੈਣ ਸਬਾਈ ਕੀਰਤਨ

੫ ਅਪ੍ਰੈਲ ਰਾਤ ਨੂੰ ਰੈਣ ਸਬਾਈ ਕੀਰਤਨ, ਦੁਪਹਿਰ ਤਕ ਦੀਵਾਨ । ਗੁਰਦਾਸਪੁਰ ਤੋਂ ੩ ਕਿਲੋਮੀਟਰ ਜੀ ਟੀ ਰੋਡ ਤੇ

### ਗੁਰਦਾਸਪੁਰ (ਮੇਹਰ ਚੰਦ ਰੋਡ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਮਾਸਟਰ ਨਿਰੰਜਨ ਸਿੰਘ ਜੀ ਦੇ ਗ੍ਰਿਹ, ੨੭ ਅਪ੍ਰੈਲ ਐਤਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ, ਦੁਪਹਿਰ ਤਕ ਕੀਰਤਨ ।

www.AKJ.Org

# ਵੈਸਾਖੀ ਸਮਾਗਮ ਟਾਂਡਾ ਉੜਮੁੜ (ਹੁਸ਼ਿਆਰਪੁਰ) ਵਿਖੇ

ਐਤਕੀ ਵੈਸਾਖੀ ਦਾ ਸਾਲਾਨਾ ਸਮਾਗਮ ਅਖੰਡ ਕੀਰਤਨ ਜਥਿਆਂ ਵਲੋਂ ਟਾਂਡਾ ਉੜਮੁੜ ਵਿਖੇ ਹੋ ਰਹੇ ਹਨ। ਪ੍ਰੋਗਰਾਮ—

੧੧ ਅਪ੍ਰੈਲ ਸਵੇਰੇ ੪ ਤੋਂ ੬ ਕੀਰਤਨ ਆਸਾ ਦੀ ਵਾਰ, ਉਪਰੰਤ ਸ੍ਰੀ ਅਖੰਡਪਾਠ ਅਰੰਭ ਗੋਰਮਿੰਟ ਹਾਇਰ ਸੈਕੰਡਰੀ ਸਕੂਲ ਵਿਖੇ, ਸ਼ਾਮ ੮ ਤੋਂ ੧੦ ਕੀਰਤਨ ਇਤਿਹਾਸਕ ਗੁਰਦੁਆਰਾ ਪਾ: ੬ਵੀਂ ਟਾਹਲੀ ਸਾਹਿਬ ਮੂਨਕ ਕਲਾਂ।

੧੨ ਅਪ੍ਰੈਲ ਸ਼ਾਮ ੮ ਤੋਂ ੧੦ ਕੀਰਤਨ ਗੁਰਦੁਆਰਾ ਬੀਬੀਆਂ ਟਾਂਡਾ। ੧੩ ਅਪਰੈਲ ਐਤਵਾਰ ਸਵੇਰੇ ਭੋਗ ਸ੍ਰੀ ਅਖੰਡਪਾਠ ਉਪਰੰਤ ੫ ਤੋਂ ੧੨ ਤਕ ਕੀਰਤਨ, ਸ਼ਾਮ ੫ ਵਜੇ ਅੰਮ੍ਰਿਤ ਸਿੰਚਾਰ, ੭ ਵਜੇ ਸ਼ਾਮ ਰੈਣ ਸਬਾਈ ਅਰੰਭ ਸਕੂਲ ਵਿਖੇ ਹੀ, ਸੋਮਵਾਰ ਸਵੇਰੇ ੬ ਵਜੇ ਸਮਾਪਤੀ।

ਨੋਟ—ਪਠਾਨਕੋਟ ਰੋਡ ਤੇ ਜਲੰਧਰ ਤੋਂ ਟਾਂਡਾ ਉੜਮੁੜ ੪੦ ਕਿਲੋਮੀਟਰ ਹੈ। ਬਿਸਤਰੇ ਲੈ ਕੇ ਆਓ ਜੀ।

ਪੁਛਗਿਛ—ਖਾਲਸਾ ਜਨਰਲ ਸਟੋਰ, ਸਾਹਮਣੇ ਬੱਸ ਅਡਾ, ਟਾਂਡਾ ਉੜਮੁੜ

ਦਾਸਰੇ—ਅਖੰਡ ਕੀਰਤਨੀ ਜਥਾ ਟਾਂਡਾ ਉੜਮੁੜ ਜ਼ਿਲਾ ਹੁਸ਼ਿਆਰਪੁਰ

## ਸ਼ਹੀਦ ਪਿਆਰਾ ਸਿੰਘ ਦੀ ਯਾਦ ਵਿਚ ਭੁੰਗਰਨੀ (ਹੁਸ਼ਿਆਰਪੁਰ) ਵਿਖੇ ਸਮਾਗਮ

ਭਾਈ ਹਰਮਿੰਦਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਸ਼ਹੀਦ ਦੀ ਯਾਦ ਵਿਚ ੨੦ ਅਪ੍ਰੈਲ ਐਤਵਾਰ ਨੂੰ ਸਵੇਰੇ ੮ ਤੋਂ ੧੨ ਤਕ ਅਖੰਡ ਕੀਰਤਨ ਹੋਣਗੇ। ੨੦ ਅਪ੍ਰੈਲ ਨੂੰ ਸਵੇਰੇ ਸਤ ਵਜੇ ਹੁਸ਼ਿਆਰਪੁਰ ਬਸ ਅੱਡੇ ਤੋਂ ਸੰਗਤਾਂ ਲਈ ਟਰਾਲੀ ਚਲੇਗੀ।

## ਸ਼ਹੀਦ ਭਾਈ ਕੇਵਲ ਸਿੰਘ ਦੀ ਯਾਦ ਵਿਚ ਹੁਸ਼ਿਆਰਪੁਰ ਵਿਖੇ ਅਖੰਡ ਕੀਰਤਨ

ਸ਼ਹੀਦ ਦੀ ਯਾਦ ਵਿਚ, ਉਨ੍ਹਾਂ ਦੇ ਗ੍ਰਿਹ ਪ੍ਰੇਮ ਨਗਰ ਵਿਖੇ ੬ ਅਪ੍ਰੈਲ ਸਵੇਰੇ ੬ ਤੋਂ ੧੦ ਤਕ ਕੀਰਤਨ ਹੋਣਗੇ।

## ਪਿੰਡ ਫਤਿਹਪੁਰ (ਹੁਸ਼ਿਆਰਪੁਰ) ਵਿਖੇ ਭਾਈ ਅਨੂਪ ਸਿੰਘ ਦੇ ਗ੍ਰਿਹ ਵਿਖੇ ਰੈਣ ਸਬਾਈ ਕੀਰਤਨ

ਸੂਚਨਾ ਭਾਈ ਹਰਮਿੰਦਰ ਸਿੰਘ ਜੀ—੫ ਅਪ੍ਰੈਲ ਰਾਤ ਨੂੰ ਰੈਣ ਸਬਾਈ, ਹੁਸ਼ਿਆਰਪੁਰ ਤੋਂ ੮ ਵਜੇ ਰਾਤ ਟਰਾਲੀ ਚਲੇਗੀ।

## ਮਾਸਕ ਰੈਣ ਸਬਾਈ ਕੀਰਤਨ ਪਿੰਡ ਬੁੱਢੇਵਾਲ ਵਿਖੇ

੧੯ ਅਪ੍ਰੈਲ ਸ਼ਨੀਵਾਰ ਰਾਤ ਨੂੰ ਭਾਈ ਸੰਤੋਖ ਸਿੰਘ ਦੇ ਗ੍ਰਿਹ ਵਿਚ ਕੀਰਤਨ ਹੋ ਰਹੇ ਹਨ।

## ਖੰਨਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਖੰਨਾ ਵਲੋਂ ੫ ਅਪ੍ਰੈਲ ਰਾਤ ਨੂੰ ਗਿ: ਕਰਨੈਲ ਸਿੰਘ ਜੀ ਦੀ ਯਾਦ ਵਿਚ ਕੀਰਤਨ ਹੋ ਰਹੇ ਹਨ।

## ਪਿੰਡ ਪੀਰੋ ਪਿੰਡੀ (ਬਰੀਲਾ ਖ਼ੁਰਦ) ਡਾ: ਰੁਤਿਆਨਾ ਨੇੜੇ ਕਲਾਨੌਰ (ਗੁਰਦਾਸਪੁਰ) ਵਿਖੇ ਸਮਾਗਮ

ਭਾ: ਸੁਖਦੇਵ ਸਿੰਘ ਬੇਨਤੀ ਕਰਦੇ ਹਨ, ਉਨ੍ਹਾਂ ਦੇ ਪਿਤਾ ਸ: ਚੰਨਣਸਿੰਘ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹ ਵਿਖੇ ੧੯ ਅਪ੍ਰੈਲ ਨੂੰ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ੧੨ ਵਜੇ ਤਕ ਕੀਰਤਨ ਹੋਣਗੇ। ਬਟਾਲਾ ਤੋਂ ਕਲਾਨੌਰ ਤਕ ਬਸਾਂ ਤੇ, ਅਗੋਂ ਟਾਂਗੇ।

## ਚੰਡੀਗੜ੍ਹ ਸੈਕਟਰ ੪੩-ਬੀ ਵਿਚ ਹਫਤੇਵਾਰੀ ਕੀਰਤਨ

ਸ: ਉਜਲ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਹਰ ਬੁਧਵਾਰ ਸ਼ਾਮ ਨੂੰ ੭ ਤੋਂ ੮ ਤਕ ਕੀਰਤਨ ਹੁੰਦਾ ਹੈ।

## ਰਾਜਪੁਰਾ ਵਿਖੇ ਸਾਲਾਨਾ ਕੀਰਤਨ ਸਮਾਗਮ ੧੫ ਤੋਂ ੧੯ ਮਈ ਨੂੰ, ਵੇਰਵਾ ਆਉਂਦੇ ਸੂਰਾ ਵਿਚ

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈਆਂ ਤੇ ਅੰਮ੍ਰਿਤ-ਸਿੰਚਾਰ

(1) ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ 19 ਅਪ੍ਰੈਲ ਸ਼ਨੀਵਾਰ ਰਾਤ ਨੂੰ ਸਿੱਖ ਟੈਂਪਲ, 96/100 ਨਿਊ ਸਟਰੀਟ, ਲਮਿੰਗਟਨ ਸਪਾ (ਗੁਰਦਵਾਰਾ ਫ਼ੋਨ 0926-24297)
ਪੁਛ ਗਿੱਛ—ਭਾਈ ਜਰਨੈਲ ਸਿੰਘ ਜੀ, ਅਖੰਡ ਕੀਰਤਨੀ ਜਥਾ, ਲਮਿੰਗਟਨ ਸਪਾ

(2) ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ 2; ਅਪ੍ਰੈਲ ਸ਼ਨੀਵਾਰ ਰਾਤ ਨੂੰ ਗੁਰੂ ਹਰਿ ਰਾਇ ਗੁਰਦੁਆਰਾ, 126-128 ਹਾਈ ਸਟਰੀਟ, ਵੈਸਟ ਬਰਾਮਵਿਚ (ਗੁਰਦੁਆਰਾ ਫੋਨ 021-525-3275)
ਪੁਛ ਗਿਛ—ਭਾਈ ਦਵਿੰਦਰ ਸਿੰਘ ਜੀ, ਅਖੰਡ ਕੀਰਤਨੀ ਜਥਾ ਵੈਸਟ ਬਰਾਮਵਿਚ, ਫੋਨ 021-523-6897

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ

www.AKJ.Org